
# ਸਰਕਾਰੀ ਕਾਲਜ ਡੇਰਾ ਬੱਸੀ

(ਸਾਹਿਬਜ਼ਾਦਾ ਅਜੀਤ ਸਿੰਘ ਨਗਰ)

ਦੇਹ ਸਿਵਾ ਬਰੁ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ ।
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਅਪੁਨੀ ਜੀਤ ਕਰੋਂ ।।

# PROSPECTUS

## 2025-26




ACCREDITED WITH GRADE
B++
NAAC



Estb. : 1975

Learning is Purity

# OUR VISION MISSION & OBJECTIVES

## VISION

- To become the preferred destination for aspirants of higher education from the surrounding areas.

## MISSION

- To impart quality education at affordable rates.
- To provide equal opportunities, without any discrimination, to all students.
- To keep pace with time in the field of information technology.

## OBJECTIVE

- To ensure the holistic development of students, so that they can contribute towards nation building.

# ਪ੍ਰਿੰਸੀਪਲ ਦਾ ਸੰਦੇਸ਼



ਪਿਆਰੇ ਵਿਦਿਆਰਥੀਓ,

ਸਰਕਾਰੀ ਕਾਲਜ ਡੇਰਾ ਬੱਸੀ ਪਿਛਲੇ ਪੰਜਾਹ ਸਾਲ ਤੋਂ ਇਲਾਕੇ ਦੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ। ਇਹ ਕਾਲਜ ਵਿਦਿਆਰਥੀਆਂ ਨੂੰ ਚੰਗੇ ਮਨੁੱਖ ਅਤੇ ਜ਼ਿੰਮੇਵਾਰ ਨਾਗਰਿਕ ਬਣਾਉਣ ਵਿੱਚ ਲਗਾਤਾਰ ਯਤਨਸ਼ੀਲ ਹੈ। ਕਾਲਜ ਦਾ ਬੁਨਿਆਦੀ ਉਦੇਸ਼ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਨਾ ਹੈ। ਇਸ ਤਰ੍ਹਾਂ ਅਕਾਦਮਿਕ ਖੇਤਰ 'ਚ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਖੇਡਾਂ ਅਤੇ ਸੱਭਿਆਚਾਰਿਕ ਗਤੀਵਿਧੀਆਂ ਵਿੱਚ ਵੀ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਤੁਹਾਡੇ ਕਲਾਤਮਿਕ ਤੇ ਸਿਰਜਣਾਤਮਿਕ ਹੁਨਰ ਨੂੰ ਵਿਕਸਿਤ ਕਰਨ ਲਈ ਸਮੂਹ ਅਧਿਆਪਕ ਸਾਹਿਬਾਨ ਸਦਾ ਯਤਨਸ਼ੀਲ ਰਹਿੰਦੇ ਹਨ।

ਮੈਂ ਤੁਹਾਨੂੰ ਵਿਸ਼ਵਾਸ ਦਵਾਉਂਦੀ ਹਾਂ ਕਿ ਕਾਲਜ ਵਿੱਚ ਪੜ੍ਹਦਿਆਂ ਹੋਇਆਂ ਤੁਹਾਡੀ ਇਸ ਵਿੱਦਿਅਕ ਯਾਤਰਾ ਦੀ ਅਗਵਾਈ ਕਾਲਜ ਦਾ ਯੋਗ, ਨਿਪੁੰਨ ਅਤੇ ਸਮਰਪਿਤ ਸਟਾਫ਼ ਕਰੇਗਾ। ਉਹ ਤੁਹਾਡੀ ਸ਼ਖਸੀਅਤ ਨੂੰ ਆਤਮ ਵਿਸ਼ਵਾਸ, ਆਤਮ ਅਨੁਸ਼ਾਸਨ ਅਤੇ ਆਤਮ ਨਿਰਭਰਤਾ ਦੇ ਗੁਣਾਂ ਨਾਲ ਲਿਬਰੇਜ਼ ਕਰੇਗਾ।

ਇਹ ਪ੍ਰਾਸਪੈਕਟਸ ਕਾਲਜ ਨਾਲ ਤੁਹਾਡੀ ਮੁੱਢਲੀ ਜਾਣ-ਪਛਾਣ ਕਰਵਾਏਗਾ। ਇਸ ਵਿੱਚ ਕਾਲਜ ਵਿੱਚ ਚਲ ਰਹੇ ਵੱਖ-ਵੱਖ ਕੋਰਸਾਂ, ਫੀਸਾਂ, ਸਕਾਲਰਸ਼ਿਪ, ਕਾਲਜ ਸਟਾਫ਼, ਕਲੱਬਾਂ, ਪ੍ਰਬੰਧਕੀ ਕਮੇਟੀਆਂ ਅਤੇ ਕਾਲਜ ਦੇ ਨਿਯਮਾਂ ਬਾਰੇ ਮੁੱਢਲੀ ਜਾਣਕਾਰੀ ਹਾਸਿਲ ਹੋਵੇਗੀ।

ਮੈਂ ਕਾਲਜ ਵਿੱਚ ਪੜ੍ਹਾਈ ਦੌਰਾਨ ਤੁਹਾਡੇ ਤੋਂ ਕਾਲਜ ਵਿੱਚ ਅਨੁਸ਼ਾਸਨ ਦੀ ਪਾਲਣਾ, ਲਗਨ ਨਾਲ ਪੜ੍ਹਾਈ ਕਰਨ ਅਤੇ ਹੋਰ ਗਤੀਵਿਧੀਆਂ ਵਿੱਚ ਭਾਗੀਦਾਰੀ ਦੀ ਆਸ ਰੱਖਦੀ ਹਾਂ।

ਮੈਨੂੰ ਮਾਣ ਹੈ ਕਿ ਪਿਛਲੇ ਸਮੇਂ ਦੌਰਾਨ ਕਾਲਜ ਵਿੱਚੋਂ ਪੜ੍ਹ ਕੇ ਗਏ ਜ਼ਿਆਦਾਤਰ ਵਿਦਿਆਰਥੀ ਸਮਾਜਿਕ-ਆਰਥਿਕ ਤੌਰ 'ਤੇ ਸਫ਼ਲ ਹੋਣ ਦੇ ਨਾਲ-ਨਾਲ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ, ਬਿਜ਼ਨਸ ਅਤੇ ਰਾਜਨੀਤਿਕ ਖੇਤਰਾਂ ਵਿੱਚ ਬੁਲੰਦੀਆਂ ਹਾਸਿਲ ਕਰ ਰਹੇ ਹਨ ਅਤੇ ਉਹ ਸਮਾਜ ਵਿੱਚ ਉਸਾਰੂ ਭੂਮਿਕਾ ਨਿਭਾ ਰਹੇ ਹਨ।

ਇਸ ਤਰ੍ਹਾਂ ਅਸੀਂ ਗਿਆਨ ਅਤੇ ਆਤਮ ਵਿਕਾਸ ਦੇ ਰਾਹ 'ਤੇ ਚਲਦਿਆਂ ਹੋਇਆਂ ਆਪਣੇ ਦੇਸ਼ ਅਤੇ ਕੌਮ ਦੇ ਵਿਕਾਸ ਲਈ ਯਤਨਸ਼ੀਲ ਹੋਈਏ। ਮੈਂ ਤੁਹਾਡਾ ਸਭ ਦਾ ਕਾਲਜ ਵਿੱਚ ਸੁਆਗਤ ਕਰਦੀ ਹਾਂ ਤੇ ਤੁਹਾਨੂੰ ਭਵਿੱਖ ਲਈ ਸ਼ੁੱਭ-ਇੱਛਾਵਾਂ ਦਿੰਦੀ ਹਾਂ।

ਸ਼੍ਰੀਮਤੀ ਗਿਤਾਂਜਲੀ ਕਾਲੜਾ
ਪ੍ਰਿੰਸੀਪਲ
ਸਰਕਾਰੀ ਕਾਲਜ, ਡੇਰਾ ਬੱਸੀ।

# ਕਾਲਜ ਸ਼ਬਦ
## *(College Shabad)*

ਦੇਹ ਸਿਵਾ ਬਰ ਮੋਹਿ ਇਹੈ
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।।
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰਿ ਆਪਨੀ ਜੀਤ ਕਰੋਂ।।
ਅਰੁ ਸਿਖ ਹੋ ਅਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ।।
ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ।।

– ਸ੍ਰੀ ਗੁਰੂ ਗੋਬਿੰਦ ਸਿੰਘ ਜੀ

*ਹੇ ਪ੍ਰਮਾਤਮਾ। ਮੈਨੂੰ ਇਹ ਵਰ ਦੇਹ*
*ਕਿ ਮੈਂ ਸ਼ੁੱਭ ਕਰਮ ਕਰਨ ਤੋਂ ਕਦੇ ਨਾ ਟਲਾਂ।*
*ਜਦੋਂ ਰਣ-ਭੂਮੀ ਵਿੱਚ ਵੈਰੀ ਨਾਲ ਲੜਾਂ. ਤਾਂ ਜ਼ਰਾ ਵੀ ਨਾ ਡਰਾਂ।*
*ਮੈਨੂੰ ਆਪਣੀ ਜਿੱਤ ਦਾ ਪੂਰਨ ਯਕੀਨ ਹੋਵੇ*
*ਅਤੇ ਮੈਂ ਆਪਣੇ ਮਨ ਨੂੰ ਇਹ ਸਿੱਖਿਆ ਦੇਵਾਂ ਕਿ ਮੈਨੂੰ ਤੇਰੇ*
*ਗੁਣਾਂ ਦਾ ਉਚਾਰਣ ਕਰਨ ਦਾ ਹੀ ਸਦਾ ਲਾਲਚ ਹੋਵੇ।*
*ਜਦੋਂ ਮੇਰੀ ਉਮਰ ਦਾ ਅੰਤਿਮ ਸਮਾਂ ਆਵੇ*
*ਤਾਂ ਮੈਂ ਯੁੱਧ ਦੇ ਮੈਦਾਨ ਵਿੱਚ ਲੜਦਾ ਹੋਇਆ ਪ੍ਰਾਣ ਤਿਆਗਾਂ।*

*Grant me this boon O God!*
*May I never refrain from the righteous acts;*
*May I fight without fear all foes in life's battles*
*With confident courage claiming the victory!*
*May the glory be grained in my mind,*
*and my highest ambition be singing the praises;*
*When this mortal life comes to end,*
*May I die fighting with limitless courage.*

# ਵਿਸ਼ਾ ਸੂਚੀ


| ਲੜੀ ਨੰ: | ਵਿਸ਼ਾ | ਪੰਨਾ |
|---|---|---|
| 1. | ਜਾਣ-ਪਹਿਚਾਣ | 3 |
| 2. | ਕਾਲਜ ਸਟਾਫ਼ | 4 |
| 3. | ਪ੍ਰਮੁੱਖ ਪ੍ਰਬੰਧਕੀ ਕਮੇਟੀਆਂ | 5 |
| 4. | ਦਾਖਲੇ ਲਈ ਨਿਯਮ | 7 |
| 5. | ਅਧਿਆਪਨ ਦੇ ਕੋਰਸ | 9 |
| 6. | ਫੀਸਾਂ ਅਤੇ ਫੰਡ | 13 |
| 7. | ਵਜ਼ੀਫੇ ਅਤੇ ਐਵਾਰਡ | 16 |
| 8. | ਸਹਿ-ਪਾਠਕ੍ਰਮ ਸਰਗਰਮੀਆਂ | 18 |
| 9. | ਲਾਇਬ੍ਰੇਰੀ ਅਤੇ ਇਸ ਦੇ ਨਿਯਮ | 18 |
| 10. | ਵਿਭਿੰਨ ਕਲੱਬ, ਸੁਸਾਇਟੀਆਂ ਅਤੇ ਸਭਾਵਾਂ | 18 |
| 11. | ਮਿਡ ਸਮੈਸਟਰ ਟੈਸਟ | 19 |
| 12. | ਯੂਨੀਵਰਸਿਟੀ ਇਮਤਿਹਾਨ ਲਈ ਪਾਤਰਤਾ ਨਿਯਮ | 20 |
| 13. | ਇਨਾਮਾਂ ਦੇ ਨਿਯਮ | 20 |
| 14. | ਕਾਲਜ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਇਨਾਮ | 21 |
| 15. | ਵਿਦਿਆਰਥੀਆਂ ਲਈ ਆਮ ਨਿਯਮ | 22 |
| 16. | ਫੈਕਲਟੀ/ਵਿਸ਼ਾ ਬਦਲਣ ਸਬੰਧੀ ਨਿਯਮ | 23 |
| 17. | ਇੱਛੁਕ ਗਤੀਵਿਧੀਆਂ ਅਤੇ ਕਲੰਡਰ 2025-26 | 24 |
| 18. | ਦਾਖਲਾ ਕਮੇਟੀਆਂ | 25 |
| 19. | ਦਾਖ਼ਲਿਆਂ ਦਾ ਸ਼ਡਿਊਲ | 26 |
| 20. | ਬੇਦਾਅਵਾ | 28 |

# ਜਾਣ-ਪਹਿਚਾਣ

ਚੰਡੀਗੜ੍ਹ ਅੰਬਾਲਾ ਸੜਕ ਤੋਂ 700 ਮੀਟਰ ਦੀ ਵਿੱਥ ਤੇ ਹਰੇ-ਭਰੇ ਜੰਗਲ ਅਤੇ ਕੁਦਰਤੀ ਵਾਤਾਵਰਣ ਦਰਮਿਆਨ ਸਥਿਤ ਸਰਕਾਰੀ ਕਾਲਜ ਡੇਰਾ ਬੱਸੀ ਦਾ ਆਰੰਭ 15 ਜਨਵਰੀ 1975 ਨੂੰ ਉਸ ਸਮੇਂ ਦੇ ਸਥਾਨਕ ਵਿਧਾਇਕ ਤੇ ਖਜ਼ਾਨਾ ਮੰਤਰੀ ਸ੍ਰੀ ਹੰਸ ਰਾਜ ਸ਼ਰਮਾ ਜੀ ਦੇ ਯਤਨਾਂ ਨਾਲ ਡੇਰਾ ਬੱਸੀ ਟਾਊਨ ਦੇ ਪ੍ਰਾਇਮਰੀ ਸਕੂਲ ਦੀ ਇਮਾਰਤ ਵਿੱਚ ਹੋਇਆ। ਪਹਿਲੇ ਸਾਲ ਕੇਵਲ 126 ਵਿਦਿਆਰਥੀਆਂ ਨੇ ਕਾਲਜ ਵਿਖੇ ਦਾਖਲਾ ਲਿਆ। ਅੱਜ ਕਾਲਜ ਵਿਖੇ ਲੱਗਭਗ 1400 ਵਿਦਿਆਰਥੀ ਪੜ੍ਹਦੇ ਹਨ ਤੇ ਆਉਣ ਵਾਲੇ ਸਮੇਂ ਵਿੱਚ ਇਸ ਵਿੱਚ ਨਿਰੰਤਰ ਵਾਧੇ ਦੀ ਸੰਭਾਵਨਾ ਹੈ। ਮਿਤੀ 7 ਫਰਵਰੀ 1984 ਨੂੰ ਕਾਲਜ ਆਪਣੀ ਮੌਜੂਦਾ ਇਮਾਰਤ ਵਿਖੇ ਤਬਦੀਲ ਹੋਇਆ। ਸ਼ਾਂਤੀ ਨਿਕੇਤਨ ਵਰਗੇ ਕੁਦਰਤੀ ਵਾਤਾਵਰਣ ਵਿੱਚ ਸਥਾਪਿਤ ਇਹ ਕਾਲਜ ਵਿੱਦਿਆ ਲਈ ਇੱਕ ਸੁੰਦਰ ਤੇ ਖੁਸ਼ਗਵਾਰ ਮਾਹੌਲ ਪ੍ਰਦਾਨ ਕਰਦਾ ਹੈ। ਕਾਲਜ ਵਿੱਚ ਆਰਟਸ, ਕਾਮਰਸ ਅਤੇ ਸਾਇੰਸ (ਨਾਨ ਮੈਡੀਕਲ) ਦੀ ਡਿਗਰੀ ਪੱਧਰ ਦੀ ਪੜ੍ਹਾਈ ਦਾ ਪ੍ਰਬੰਧ ਹੈ। ਇਸ ਦੇ ਨਾਲ ਹੀ ਕਾਲਜ ਵਿੱਚ ਬੀ.ਕਾਮ., ਬੀ.ਸੀ.ਏ., ਬੀ.ਬੀ.ਏ.(ਬਿਜਨੈੱਸ ਪ੍ਰੋਸੈਸ ਰੀਇੰਜੀਨੀਅਰਿੰਗ ਐਂਡ ਮੈਨੇਜਮੈਂਟ), ਬੀ.ਏ.(ਅਸਥੈਟਿਕ ਐਂਡ ਬਿਊਟੀ ਥੈਰੇਪੀ) ਅਤੇ ਐੱਮ.ਕਾਮ. ਦੇ ਕੋਰਸ ਸਵੈ-ਵਿੱਤੀ ਸਕੀਮ ਅਧੀਨ ਚੱਲ ਰਹੇ ਹਨ। ਇਸ ਤੋਂ ਇਲਾਵਾ ਕਾਲਜ ਵਿੱਚ ਵੈਲਿਊ ਐਡਡ ਕੋਰਸ ਵੀ ਚਲਾਏ ਜਾ ਰਹੇ ਹਨ। ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ ਗਤੀਵਿਧੀਆਂ, ਫਾਈਨ ਆਰਟਸ, ਸੰਗੀਤ, ਖੇਡਾਂ, ਸਾਹਿਤ, ਐਨ.ਐੱਸ.ਐੱਸ. ਆਦਿ ਖੇਤਰਾਂ ਵਿੱਚ ਵਿਦਿਆਰਥੀਆਂ ਦੀ ਰਾਹਨੁਮਾਈ ਲਈ ਵਿਸ਼ੇਸ਼ ਪ੍ਰਬੰਧ ਹੈ। ਇਹ ਕਾਲਜ ਕੁੜੀਆਂ-ਮੁੰਡਿਆਂ ਦਾ ਸਾਂਝਾ ਕਾਲਜ ਹੋਣ ਕਾਰਨ ਇੱਥੇ ਹਰ ਵਿਦਿਆਰਥੀ ਤੋਂ ਸੱਭਿਅਕ ਅਤੇ ਸਲੀਕੇ ਵਾਲੇ ਵਿਵਹਾਰ ਦੀ ਆਸ ਕੀਤੀ ਜਾਂਦੀ ਹੈ। ਵਿਦਿਆਰਥੀਆਂ ਨੂੰ ਵਿੱਦਿਅਕ, ਸਮਾਜਿਕ, ਸੱਭਿਆਚਾਰਕ ਤੇ ਆਰਥਿਕ ਖੇਤਰ ਵਿੱਚ ਨਵੀਂ ਸੇਧ ਪ੍ਰਦਾਨ ਕਰਦਾ ਹੋਇਆ ਇਹ ਕਾਲਜ ਇੱਕ ਚਾਨਣ ਮੁਨਾਰੇ ਦਾ ਕਾਰਜ ਨਿਭਾ ਰਿਹਾ ਹੈ।

# ਕਾਲਜ ਸਟਾਫ਼

## ਪ੍ਰਿੰਸੀਪਲ ਗਿਤਾਂਜਲੀ ਕਾਲੜਾ

**ਅੰਗਰੇਜ਼ੀ ਵਿਭਾਗ**
1. ਪ੍ਰੋ. ਸਵਿਤਾ ਗੁਪਤਾ
2. ਡਾ. ਨਵਦੀਪ ਕਹੋਲ
3. ਪ੍ਰੋ. ਪ੍ਰਗਤੀ ਪੰਵਾਰ

**ਪੰਜਾਬੀ ਵਿਭਾਗ**
1. ਡਾ. ਗੁਰਪ੍ਰੀਤ ਕੌਰ, ਗੈਸਟ ਫੈਕਲਟੀ
2. ਪ੍ਰੋ. ਬੋਮਿੰਦਰ ਕੌਰ, ਗੈਸਟ ਫੈਕਲਟੀ
3. ਪ੍ਰੋ. ਅਵਤਾਰ ਸਿੰਘ, ਗੈਸਟ ਫੈਕਲਟੀ

**ਹਿੰਦੀ ਵਿਭਾਗ**
1. ਡਾ. ਸ਼ਕੁੰਤਲਾ

**ਭੂਗੋਲ ਵਿਭਾਗ**
1. ਪ੍ਰੋ. ਸਲੋਨੀ
2. ਪ੍ਰੋ. ਰਾਜੇਸ਼ ਓਲਾ
3. ਪ੍ਰੋ. ਮਨਪ੍ਰੀਤ ਕੌਰ, ਗੈਸਟ ਫੈਕਲਟੀ

**ਲੋਕ ਪ੍ਰਸ਼ਾਸਨ ਵਿਭਾਗ**
1. ਪ੍ਰੋ. ਅੰਸ਼ੁਲ ਭਾਟੀਆ

**ਅਰਥ ਸ਼ਾਸਤਰ ਵਿਭਾਗ**
1. ਪ੍ਰੋ. ਰੀਤਿਕਾ
2. ਡਾ. ਗੁਰਮੀਤ ਸਿੰਘ, ਗੈਸਟ ਫੈਕਲਟੀ

**ਰਾਜਨੀਤੀ ਸ਼ਾਸਤਰ ਵਿਭਾਗ**
1. ਪ੍ਰੋ. ਸੁਨੀਲ ਕੁਮਾਰ, ਗੈਸਟ ਫੈਕਲਟੀ

**ਇਤਿਹਾਸ ਵਿਭਾਗ**
1. ਪ੍ਰੋ. ਕੋਮਲ ਦਿਓਲ

**ਗਣਿਤ ਵਿਭਾਗ**
1. ਪ੍ਰੋ. ਭਾਵਨਾ
2. ਪ੍ਰੋ. ਸੁਸ਼ਮਾ, ਗੈਸਟ ਫੈਕਲਟੀ

**ਸਰੀਰਕ ਸਿੱਖਿਆ ਵਿਭਾਗ**
1. ਡਾ. ਨਿਰਮਲ ਸਿੰਘ, ਗੈਸਟ ਫੈਕਲਟੀ

**ਫਾਈਨ ਆਰਟਸ ਵਿਭਾਗ**
1. ਪ੍ਰੋ. ਨਵਜੋਤ ਕੌਰ
2. ਪ੍ਰੋ. ਮੇਘਾ ਗੋਇਲ
3. ਪ੍ਰੋ. ਰਵਿੰਦਰ ਸਿੰਘ, ਗੈਸਟ ਫੈਕਲਟੀ
4. ਪ੍ਰੋ. ਕਿਰਨਪ੍ਰੀਤ ਕੌਰ, ਗੈਸਟ ਫੈਕਲਟੀ

**ਸਮਾਜ ਸ਼ਾਸਤਰ ਵਿਭਾਗ**
1. ਡਾ. ਹਰਵਿੰਦਰ ਕੌਰ, ਗੈਸਟ ਫੈਕਲਟੀ

**ਹੋਮ ਸਾਇੰਸ ਵਿਭਾਗ**
1. ਪ੍ਰੋ. ਆਮੀ ਭੱਲਾ
2. ਡਾ. ਸੁਮਿਤਾ ਕਟੋਚ, ਗੈਸਟ ਫੈਕਲਟੀ

**ਸੰਗੀਤ ਵਿਭਾਗ**
1. ਪ੍ਰੋ. ਮੋਹਨੀਸ਼ ਆਰੀਆ
2. ਪ੍ਰੋ. ਬਲਜਿੰਦਰ ਸਿੰਘ, ਗੈਸਟ ਫੈਕਲਟੀ

**ਕਾਮਰਸ ਵਿਭਾਗ**
1. ਪ੍ਰੋ. ਮਨਜੋਤ ਸਿੰਘ
2. ਡਾ. ਪ੍ਰਭਜੋਤ ਕੌਰ, ਗੈਸਟ ਫੈਕਲਟੀ
3. ਪ੍ਰੋ. ਕਨੂੰ ਗਰਗ, ਗੈਸਟ ਫੈਕਲਟੀ

**ਭੌਤਿਕ ਵਿਗਿਆਨ**
1. ਪ੍ਰੋ. ਰਾਜਬੀਰ ਕੌਰ

**ਰਸਾਇਣ ਵਿਗਿਆਨ**
1. ਡਾ. ਅਮਰਜੀਤ ਕੌਰ
2. ਪ੍ਰੋ. ਸ਼ਵੇਤਾ ਖਰਬੰਦਾ, ਗੈਸਟ ਫੈਕਲਟੀ

**ਕੰਪਿਊਟਰ ਵਿਭਾਗ**
1. ਪ੍ਰੋ. ਸਿਮਰਤਜੀਤ ਕੌਰ ਸੰਧੂ
2. ਡਾ. ਨੈਨਸੀ, ਗੈਸਟ ਫੈਕਲਟੀ

**ਲਾਇਬ੍ਰੇਰੀਅਨ –**
1. ਸ੍ਰੀਮਤੀ ਭੁਪਿੰਦਰ ਕੌਰ

**ਪ੍ਰਬੰਧਕੀ ਅਮਲਾ**

**ਸੀਨੀਅਰ ਸਹਾਇਕ**
1. ਖਾਲੀ ਅਸਾਮੀ

**ਸਟੈਨੋ-ਟਾਈਪਿਸਟ**
1. ਸ੍ਰੀਮਤੀ ਸਲੋਨੀ

**ਜੂਨੀਅਰ ਸਹਾਇਕ**
1. ਸ੍ਰੀ ਪ੍ਰਵੀਨ ਚੰਦਰ ਸ਼ਰਮਾ
2. ਸ੍ਰੀ ਮਨਪ੍ਰੀਤ ਸਿੰਘ
3. ਸ੍ਰੀ ਸੂਬੇ ਸਿੰਘ

**ਲਾਇਬ੍ਰੇਰੀ ਰਿਸਟੋਰਰ**
1. ਖਾਲੀ ਅਸਾਮੀ

**ਲੀਗਲ ਕਲਰਕ**
1. ਖਾਲੀ ਅਸਾਮੀ

**ਲਾਇਬ੍ਰੇਰੀ ਅਟੈਂਡੈਂਟ**
1. ਸ੍ਰੀ ਨਵਨੀਤ ਖੇੜਾ.
2. ਸ੍ਰੀ ਹਰਨਾਮ ਸਿੰਘ

**ਲੈਬਾਰਟਰੀ ਸਟਾਫ਼**

**ਸੀਨੀਅਰ ਲੈਕਚਰ ਅਸਿਸਟੈਂਟ**
1. ਸ੍ਰੀ ਜਗਮੋਹਨ ਸਿੰਘ
2. ਖਾਲੀ ਅਸਾਮੀ

**ਜੂਨੀਅਰ ਲੈਕਚਰ ਅਸਿਸਟੈਂਟ**
1. ਸ੍ਰੀ ਅਭੈ ਸਾਗਰ
2. ਸ੍ਰੀ ਜਸਪ੍ਰੀਤ ਸਿਘ
3. ਸ੍ਰੀਮਤੀ ਡੇਜਿੰਦਰ ਕੌਰ
4. ਖਾਲੀ ਅਸਾਮੀ
5. ਖਾਲੀ ਅਸਾਮੀ
6. ਖਾਲੀ ਅਸਾਮੀ

**ਸੀਨੀਅਰ ਲੈਬ ਅਟੈਂਡੈਂਟ**
1. ਸ੍ਰੀ ਜੋਗਿੰਦਰ ਸਿੰਘ

**ਲੈਬਾਰਟਰੀ ਅਟੈਂਡੈਂਟ**
1. ਸ੍ਰੀ ਧਰਮ ਸਿੰਘ
2. ਸ੍ਰੀ ਪ੍ਰਵੀਨ ਕੁਮਾਰ
3. ਸ੍ਰੀ ਗਗਨ ਅਗਰਵਾਲ
4. ਸ੍ਰੀ ਸਿਕੰਦਰਪੁਰੀ
5. ਸ੍ਰੀਮਤੀ ਸੁਮਨ ਲਤਾ

**ਤਬਲਾ ਇਸਟਰਕਟਰ**
1. ਖਾਲੀ ਅਸਾਮੀ

**ਦਰਜਾ ਚਾਰ ਕਰਮਚਾਰੀ**
1. ਸ੍ਰੀ ਹਲਵਿੰਦਰ ਸਿੰਘ
2. ਸ੍ਰੀ ਹਰਮਿੰਦਰ ਸਿੰਘ
3. ਸ੍ਰੀ ਰਾਮ ਕਿਰਪਾਲ
4. ਸ੍ਰੀਮਤੀ ਜਯੋਤੀ
5. ਸ੍ਰੀ ਸੁਨੀਤ ਕੁਮਾਰ
6. ਸ੍ਰੀ ਰਿੰਕੂ ਕੁਮਾਰ
7. ਖਾਲੀ ਅਸਾਮੀ
8. ਖਾਲੀ ਅਸਾਮੀ
9. ਖਾਲੀ ਅਸਾਮੀ
10. ਖਾਲੀ ਅਸਾਮੀ
11. ਖਾਲੀ ਅਸਾਮੀ
12. ਖਾਲੀ ਅਸਾਮੀ
13. ਖਾਲੀ ਅਸਾਮੀ

# ਪ੍ਰਮੁੱਖ ਪ੍ਰਬੰਧਕੀ ਕਮੇਟੀਆਂ

## ਪ੍ਰਿੰਸੀਪਲ ਗਿਤਾਂਜਲੀ ਕਾਲੜਾ

1. **ਕਾਲਜ ਕੌਂਸਲ**
   1. ਪ੍ਰੋ. ਆਮੀ ਭੱਲਾ
   2. ਪ੍ਰੋ. ਰਾਜਬੀਰ ਕੌਰ
   3. ਪ੍ਰੋ. ਸਵਿਤਾ ਗੁਪਤਾ
   4. ਡਾ. ਅਮਰਜੀਤ ਕੌਰ
   5. ਸ੍ਰੀਮਤੀ ਭੁਪਿੰਦਰ ਕੌਰ
   6. ਡਾ. ਨਵਦੀਪ ਕਹੋਲ

2. **ਸੀਨੀਅਰ ਟਿਊਟਰ ਅਤੇ ਬੱਡੀ ਗਰੁੱਪ**
   1. ਪ੍ਰੋ. ਆਮੀ ਭੱਲਾ - ਲੜਕੀਆਂ
   2. ਪ੍ਰੋ. ਮੋਹਨੀਸ਼ ਆਰੀਆ -ਲੜਕੇ

3. **ਐਚ.ਈ.ਆਈ.ਐਸ.**
   1. ਪ੍ਰੋ. ਰਾਜਬੀਰ ਕੌਰ
   2. ਪ੍ਰੋ. ਸਵਿਤਾ ਗੁਪਤਾ

4. **ਪੀ.ਟੀ.ਏ.**
   1. ਪ੍ਰੋ. ਨਵਜੋਤ ਕੌਰ
   2. ਸ੍ਰੀ ਸੂਬੇ ਸਿੰਘ

5. **ਬਰਸਰ**
   1. ਪ੍ਰੋ. ਆਮੀ ਭੱਲਾ

6. **ਕਾਮਨ ਰੂਮ ਇੰਚਾਰਜ**
   1. ਪ੍ਰੋ. ਭਾਵਨਾ ਗੁਪਤਾ
   2. ਪ੍ਰੋ. ਸੁਸ਼ਮਾ

7. **ਰਜਿਸਟਰਾਰ ਪ੍ਰੀਖਿਆ**
   1. ਪ੍ਰੋ. ਸਵਿਤਾ ਗੁਪਤਾ (ਰਜਿਸਟਰਾਰ)
   2. ਪ੍ਰੋ. ਨਿਧੀ ਗੁਪਤਾ
   3. ਸ੍ਰੀ ਜਸਪ੍ਰੀਤ ਸਿੰਘ (ਜੇ.ਐਲ.ਏ.)

8. **ਟਾਈਮ ਟੇਬਲ ਇੰਚਾਰਜ**
   1. ਪ੍ਰੋ. ਰਾਜਬੀਰ ਕੌਰ (ਸਾਇੰਸ)
   2. ਪ੍ਰੋ. ਅਵਤਾਰ ਸਿੰਘ (ਆਰਟਸ)
   3. ਪ੍ਰੋ. ਤਰਨਦੀਪ ਕੌਰ (HEIS)
   4. ਪ੍ਰੋ. ਜੈਤਿਕਾ (ਕਾਮਰਸ)
   5. ਪ੍ਰੋ. ਸ਼ਵੇਤਾ ਖਰਬੰਦਾ (ਬੀ.ਐਸ.ਸੀ)

9. **ਸਕਾਲਰਸ਼ਿਪ ਅਤੇ ਵਿੱਤੀ-ਸਹਾਇਤਾ**
   1. ਡਾ. ਨਵਦੀਪ ਕਹੋਲ
   2. ਪ੍ਰੋ. ਮਨਪ੍ਰੀਤ ਕੌਰ
   3. ਪ੍ਰੋ. ਬਲਜਿੰਦਰ ਸਿੰਘ
   4. ਸ੍ਰੀਮਤੀ ਡੇਜਿੰਦਰ ਕੌਰ (ਜੇ.ਐਲ.ਏ.)
   5. ਸ੍ਰੀ ਅਭੈ ਸਾਗਰ (ਜੇ.ਐਲ.ਏ.)

10. **ਐਨ.ਐਸ.ਐਸ. ਅਤੇ ਯੂਥ ਕਲੱਬ**
    1. ਪ੍ਰੋ. ਮੋਹਨੀਸ਼ ਆਰੀਆ (ਕਨਵੀਨਰ)
    2. ਪ੍ਰੋ. ਕੋਮਲ ਦਿਓਲ
    3. ਡਾ. ਸ਼ਕੁੰਤਲਾ
    4. ਪ੍ਰੋ. ਰਵਿੰਦਰ ਸਿੰਘ
    5. ਸ੍ਰੀ ਅਭੈ ਸਾਗਰ

11. **ਰੈਗਿੰਗ ਵਿਰੁੱਧ ਕਮੇਟੀ ਅਤੇ ਵੂਮੈਨ ਸੈਲ/ਸੈਕਸੁਅਲ ਹੈਰਾਸਮੈਂਟ ਕਮੇਟੀ**
    ਕਾਲਜ ਕੌਂਸਲ ਮੈਂਬਰ

12. **ਸਭਿੱਆਚਾਰਕ ਗਤੀਵਿਧੀਆਂ**
    1. ਪ੍ਰੋ. ਅਵਤਾਰ ਸਿੰਘ (ਕਨਵੀਨਰ)
    2. ਪ੍ਰੋ. ਬੋਮਿੰਦਰ ਕੌਰ (ਕੋ-ਕਨਵੀਨਰ)
    3. ਪ੍ਰੋ. ਰਵਿੰਦਰ ਸਿੰਘ
    4. ਪ੍ਰੋ. ਕਿਰਨਪ੍ਰੀਤ ਕੌਰ

13. **ਕੈਰੀਅਰ ਗਾਈਡੈਂਸ, ਕੌਂਸਲਿੰਗ ਅਤੇ ਪਲੇਸਮੈਂਟ ਸੈੱਲ**

1. ਪ੍ਰੋ. ਮੇਘਾ ਗੋਇਲ
2. ਪ੍ਰੋ. ਭਾਵਨਾ ਗੁਪਤਾ
3. ਪ੍ਰੋ. ਮਨਜੋਤ ਸਿੰਘ

14. **ਕੰਟੀਨ ਕਮੇਟੀ**

1. ਸ੍ਰੀਮਤੀ ਭੁਪਿੰਦਰ ਕੌਰ
2. ਪ੍ਰੋ. ਅੰਸ਼ੂਲ ਭਾਟੀਆ
3. ਡਾ. ਨਿਰਮਲ ਸਿੰਘ
4. ਪ੍ਰੋ. ਜੈਤਿਕਾ

15. **ਬੱਸ ਪਾਸ**

1. ਪ੍ਰੋ. ਆਮੀ ਭੱਲਾ
2. ਸ੍ਰੀ ਜਗਮੋਹਨ ਸਿੰਘ

16. **SVEEP ਕਮੇਟੀ**

1. ਡਾ. ਪ੍ਰਭਜੋਤ ਕੌਰ
2. ਪ੍ਰੋ. ਸੁਨੀਲ ਕੁਮਾਰ

17. **Alumni Association ਕਮੇਟੀ**

1. ਡਾ. ਪ੍ਰਭਜੋਤ ਕੌਰ
2. ਪ੍ਰੋ. ਰਵਿੰਦਰ ਸਿੰਘ
3. ਡਾ. ਸੁਮਿਤਾ ਕਟੋਚ
4. ਪ੍ਰੋ. ਸੁਸ਼ਮਾ
5. ਡਾ. ਅਮਨਜੀਤ ਕੌਰ
6. ਪ੍ਰੋ. ਜੈਤਿਕਾ

18. **Legal Literacy ਕਮੇਟੀ**

1. ਪ੍ਰੋ. ਅੰਸ਼ੂਲ ਭਾਟੀਆ
2. ਪ੍ਰੋ. ਸੁਨੀਲ ਕੁਮਾਰ

19. **ਰੈਡ ਰਿਬਨ ਅਤੇ ਰੈਡ ਕਰਾਸ**

1. ਡਾ. ਹਰਵਿੰਦਰ ਕੌਰ
2. ਪ੍ਰੋ. ਕਿਰਨਪ੍ਰੀਤ ਕੌਰ

20. **ਫੀਸ ਮੁਆਫ ਕਮੇਟੀ**

1. ਪ੍ਰੋ. ਆਮੀ ਭੱਲਾ
2. ਪ੍ਰੋ. ਨਵਜੋਤ ਕੌਰ
3. ਪ੍ਰੋ. ਸਵਿਤਾ ਗੁਪਤਾ
4. ਸ੍ਰੀ ਸੂਬੇ ਸਿੰਘ

21. **ਬਿਲਡਿੰਗ ਅਤੇ ਬਿਜਲੀ ਕਮੇਟੀ**

1. ਪ੍ਰੋ. ਮਨਜੋਤ ਸਿੰਘ
2. ਡਾ. ਗੁਰਮੀਤ ਸਿੰਘ
3. ਡਾ. ਹਰਵਿੰਦਰ ਕੌਰ
4. ਪ੍ਰੋ. ਬਲਜਿੰਦਰ ਸਿੰਘ
5. ਸ੍ਰੀ ਜਗਮੋਹਨ ਸਿੰਘ

22. **ਮੈਗਜੀਨ ਕਮੇਟੀ**

1. ਪ੍ਰੋ. ਸਵਿਤਾ ਗੁਪਤਾ
2. ਪ੍ਰੋ. ਸ਼ਵੇਤਾ ਖਰਬੰਦਾ
3. ਪ੍ਰੋ. ਅਵਤਾਰ ਸਿੰਘ

# ਦਾਖਲੇ ਲਈ ਨਿਯਮ

2025-26 ਦੇ ਵਿਦਿਅਕ ਵਰ੍ਹੇ ਲਈ ਵੱਖ-ਵੱਖ ਸ਼੍ਰੇਣੀਆਂ ਵਿੱਚ ਹੇਠ ਲਿਖੇ ਨਿਯਮਾਂ ਅਨੁਸਾਰ ਦਾਖਲਾ ਕੀਤਾ ਜਾਵੇਗਾ:-

1. ਸਮੈਸਟਰ ਪਹਿਲਾ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਪੰਜਾਬ ਸਰਕਾਰ ਦੇ ਆਨਲਾਈਨ ਐਡਮਿਸ਼ਨ ਪੋਰਟਲ admission.punjab.gov.in ਉੱਪਰ ਜਾ ਕੇ ਆਨਲਾਈਨ ਦਾਖਲਾ ਫ਼ਾਰਮ ਭਰਨਗੇ। ਸਮੈਸਟਰ ਤੀਜੇ ਅਤੇ ਪੰਜਵੇਂ ਵਿੱਚ ਦਾਖਲਾ ਲੈਣ ਦੇ ਇੱਛੁਕ ਵਿਦਿਆਰਥੀ ਕਾਲਜ ਦੇ ਦਾਖਲਾ ਪੋਰਟਲ gcderabassi.ac.in ਉੱਪਰ ਆਨਲਾਈਨ ਦਾਖਲਾ ਫਾਰਮ ਭਰਨਗੇ।
2. ਦਾਖਲਾ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਸਰਕਾਰ ਅਤੇ ਕਾਲਜ ਵੱਲੋਂ ਨਿਰਧਾਰਿਤ ਮਿਤੀਆਂ ਅਤੇ ਨਿਯਮਾਂ ਅਨੁਸਾਰ ਕੀਤਾ ਜਾਵੇਗਾ।
3. ਜੇਕਰ ਦਾਖਲੇ ਦੀ ਆਖਰੀ ਮਿਤੀ ਵਾਲੇ ਦਿਨ ਸਰਕਾਰੀ ਛੁੱਟੀ ਹੋਵੇ ਤਾਂ ਅਗਲੇ ਕੰਮ ਕਰਨ ਵਾਲੇ ਦਿਨ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ।
4. **ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ, ਬੋਰਡ ਆਫ ਸਕੂਲ ਐਜੂਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ ਸਕੂਲ ਐਜੂਕੇਸ਼ਨ, ਸੀ.ਬੀ.ਐਸ.ਈ. ਅਤੇ ਆਈ.ਸੀ.ਐਸ.ਈ. ਬੋਰਡਾ. ਤੋਂ ਪਾਸ ਕੀਤੀ ਹੈ ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਲਈ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਬ੍ਰਾਂਚ ਤੋਂ ਪਾਤਰਤਾ (Eligibility) ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ।**
5. ਬੀ.ਏ., ਬੀ.ਐਸ.ਸੀ., ਬੀ.ਕਾਮ., ਬੀ.ਕਾਮ (ਆਨਰਜ਼) ਅਤੇ ਬੀ.ਸੀ.ਏ. ਦੇ ਸਮੈਸਟਰ III ਅਤੇ V ਵਿੱਚ ਵਿਦਿਆਰਥੀ ਨੂੰ ਤਾਂ ਹੀ ਦਾਖਲਾ ਦਿੱਤਾ ਜਾਵੇਗਾ ਜੇਕਰ ਉਸਦੇ ਪਹਿਲੇ ਸਮੈਸਟਰਾਂ ਦੇ ਘੱਟੋ ਘੱਟ 50% ਪੇਪਰ ਕਲੀਅਰ ਹੋਣਗੇ। ਜੇਕਰ ਵਿਦਿਆਰਥੀ ਦੇ II ਅਤੇ VI ਸਮੈਸਟਰ ਦਾ ਨਤੀਜਾ ਨਾ ਆਇਆ ਹੋਵੇ ਤਾਂ ਉਸਨੂੰ ਆਰਜ਼ੀ ਤੌਰ ਤੇ ਅਗਲੇ ਸਮੈਸਟਰ ਵਿੱਚ ਦਾਖਲਾ ਦੇ ਦਿੱਤਾ ਜਾਵੇਗਾ। ਪਰੰਤੂ ਉਸ ਸਮੈਸਟਰ ਦਾ ਇਮਤਿਹਾਨ ਦੇਣ ਦੀ ਆਗਿਆ ਤਾਂ ਹੀ ਮਿਲੇਗੀ ਜੇਕਰ ਉਕਤ ਸ਼ਰਤ ਪੂਰੀ ਹੋਵੇਗੀ।
6. 10+2 ਵਿੱਚੋਂ ਰੀਅਪੀਅਰ ਵਾਲੇ ਉਮੀਦਵਾਰ ਨੂੰ ਦਾਖਲੇ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਵਿਚਾਰਿਆ ਜਾਵੇਗਾ।
7. **ਗਲਤ ਜਾਂ ਝੂਠੇ ਬਿਆਨ ਤੇ ਲਿਆ ਗਿਆ ਦਾਖਲਾ ਕਿਸੇ ਵੀ ਸਮੇਂ ਰੱਦ ਕੀਤਾ ਜਾ ਸਕਦਾ ਹੈ।**
8. ਕਾਲਜ ਅਨੁਸ਼ਾਸਨ ਦੇ ਹਿੱਤਾਂ ਲਈ ਪ੍ਰਿੰਸੀਪਲ ਨੂੰ ਕਿਸੇ ਵੀ ਵਿਦਿਆਰਥੀ ਦਾ ਦਾਖਲਾ ਅਸਵੀਕਾਰ ਕਰਨ ਦਾ ਪੂਰਾ ਅਧਿਕਾਰ ਹੈ।
9. ਕਾਲਜ ਵਿੱਚ ਦਾਖਲ ਹੋਏ ਹਰ ਵਿਦਿਆਰਥੀ ਦਾ ਦਾਖਲਾ ਉਸ ਸਮੇਂ ਤੱਕ ਆਰਜ਼ੀ ਹੈ ਜਦੋਂ ਤੱਕ ਉਸ ਨੂੰ ਯੂਨੀਵਰਸਿਟੀ ਤੋਂ ਪ੍ਰਵਾਨਗੀ ਪ੍ਰਾਪਤ ਨਹੀਂ ਹੋ ਜਾਂਦੀ। ਕਿਸੇ ਵਿਦਿਆਰਥੀ ਨੂੰ ਕਿਸੇ ਵੀ ਕਾਰਨ ਦਾਖਲੇ ਦੀ ਮਨਜ਼ੂਰੀ ਨਾ ਮਿਲਣ ਤੇ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ।
10. ਗੈਪ ਵਾਲੇ ਉਮੀਦਵਾਰਾਂ ਨੂੰ ਸੀਟਾਂ ਦੇ ਉਪਲਬਧ ਹੋਣ ’ਤੇ ਹੀ ਦਾਖਲ ਕੀਤਾ ਜਾਵੇਗਾ।
11. ਪੱਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀਆਂ ਅਤੇ ਘੱਟ ਗਿਣਤੀਆਂ ਲਈ ਨਿਯਮਾਂ ਅਧੀਨ ਸੀਟਾਂ ਰਾਖਵੀਆਂ/ਹੋਰ ਸਹੂਲਤਾਂ ਉਪਲਬਧ ਹਨ। ਇਹ ਉਮੀਦਵਾਰ ਕਾਲਜ ਦਾਖਲੇ ਸਮੇਂ ਸਬੰਧਿਤ ਸ਼੍ਰੇਣੀ ਦੇ ਪ੍ਰਮਾਣ ਪੱਤਰ ਜਮ੍ਹਾਂ ਕਰਵਾਉਣ ਤੇ ਹੀ ਸਬੰਧਿਤ ਸਹੂਲਤਾਂ ਦੇ ਹੱਕਦਾਰ ਬਣ ਸਕਣਗੇ। ਇਨ੍ਹਾਂ ਦੁਆਰਾ ਪੇਸ਼ ਕੀਤੇ ਗਏ ਪ੍ਰਮਾਣ-ਪੱਤਰ ਦੀ ਸਬੰਧਿਤ ਅਧਿਕਾਰੀ ਤੋਂ ਜਾਂਚ ਕਰਵਾਈ ਜਾ ਸਕਦੀ ਹੈ।
12. ਚੰਗੇ ਖਿਡਾਰੀਆਂ ਲਈ ਨਿਯਮਾਂ ਅਧੀਨ ਦਾਖਲੇ ਲਈ ਰਿਆਇਤ ਦਿੱਤੀ ਜਾਵੇਗੀ।
13. ਵਿਸ਼ਿਆਂ ਦੇ ਨਿਰਧਾਰਿਤ ਜੁੱਟ ਹੀ ਦਿੱਤੇ ਜਾਣਗੇ। ਹਰ ਵਿਸ਼ੇ ਵਿੱਚ ਨਿਰਧਾਰਤ ਗਿਣਤੀ ਪੂਰੀ ਹੋਣ ਤੋਂ ਬਾਅਦ ਉਹ ਵਿਸ਼ਾ ਨਹੀਂ ਦਿੱਤਾ ਜਾਵੇਗਾ।
14. ਦਾਖਲਾ ਮੈਰਿਟ ਅਨੁਸਾਰ ਕੀਤਾ ਜਾਵੇਗਾ। ਘੱਟ ਨੰਬਰਾਂ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਤੋਂ ਇਨਕਾਰ ਕੀਤਾ ਜਾ ਸਕਦਾ ਹੈ।
15. ਦਸਵੀਂ ਤੱਕ ਦੀ ਪੜ੍ਹਾਈ ਕਿਸੇ ਪਿੰਡ ਦੇ ਸਕੂਲ ਵਿੱਚੋਂ ਪਾਸ ਕਰਨ ਵਾਲੇ ਉਮੀਦਵਾਰ ਨੂੰ ਹੀ ਪੇਂਡੂ ਮੰਨਿਆ ਜਾਵੇਗਾ।
16. ਜੇਕਰ ਕੋਈ ਵਿਦਿਆਰਥੀ ਕਿਸੇ ਹੋਰ ਯੂਨੀਵਰਸਿਟੀ ਤੋਂ ਕੋਈ ਸਮੈਸਟਰ ਪਾਸ ਕਰਨ ਉਪਰੰਤ ਇਸ ਕਾਲਜ ਵਿਖੇ ਦਾਖਲਾ ਲੈਂਦਾ ਹੈ ਤਾਂ ਆਪਣੀ ਪਿਛਲੀ ਯੂਨੀਵਰਸਿਟੀ ਤੋਂ ਪਾਸ ਕੀਤੇ ਸਾਰੇ ਸਮੈਸਟਰਾਂ ਅਤੇ ਵਿਸ਼ਿਆਂ ਦਾ ਸਿਲੇਬਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੋਲ ਜਮ੍ਹਾਂ ਕਰਾ ਕੇ ਆਪਣੇ ਡੈਫੀਸ਼ੈਂਟ ਪੇਪਰਾਂ ਦਾ ਫੈਸਲਾ ਕਰਵਾਉਣ ਦੀ ਜ਼ਿੰਮੇਵਾਰੀ ਉਸ ਵਿਦਿਆਰਥੀ ਦੀ ਹੋਵੇਗੀ।

**ਨੋਟ:** ਕਿਸੇ ਵੀ ਕਿਸਮ ਦੀ ਸੋਧ ਜਾਂ ਜ਼ਰੂਰੀ ਸੂਚਨਾ ਜਾਂ ਤਾਜਾ ਜਾਣਕਾਰੀ ਲਈ ਉਮੀਦਵਾਰ/ਵਿਦਿਆਰਥੀਆਂ ਨੂੰ ਕਾਲਜ ਦੀ ਵੈੱਬਸਾਈਟ ਨੂੰ ਸਮੇਂ-ਸਮੇਂ ਤੇ ਦੇਖਦੇ ਰਹਿਣ ਦੀ ਅਪੀਲ ਕੀਤੀ ਜਾਂਦੀ ਹੈ।

# ਆਨਲਾਈਨ ਦਾਖਲਾ ਫਾਰਮ ਭਰਨ ਲਈ ਹਦਾਇਤਾਂ

ਕਾਲਜ ਦੇ ਆਨਲਾਈਨ ਦਾਖਲਾ ਪੋਰਟਲ ਅਤੇ ਪੰਜਾਬ ਸਰਕਾਰ ਦੇ ਆਨਲਾਈਨ ਦਾਖਲਾ ਪੋਰਟਲ ਉੱਪਰ ਦਾਖਲਾ ਫਾਰਮ ਭਰਨ ਦੀ ਸਹੀ ਅਤੇ ਵਿਸਥਾਰਤ ਜਾਣਕਾਰੀ ਕਾਲਜ ਦੀ ਵੈੱਬਸਾਈਟ www.gcderabassi.ac.in ਤੇ ਉਪਲਬਧ ਹੈ। ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਨਲਾਈਨ ਦਾਖਲਾ ਫਾਰਮ ਭਰਨ ਤੋਂ ਪਹਿਲਾਂ ਕਾਲਜ ਵੈੱਬਸਾਈਟ ਉੱਪਰ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਨੂੰ ਚੰਗੀ ਤਰ੍ਹਾਂ ਪੜ੍ਹ ਲੈਣ। ਆਨਲਾਈਨ ਦਾਖ਼ਲਾ ਫਾਰਮ ਭਰਨ ਵੇਲੇ ਹੋਈ ਕਿਸੇ ਵੀ ਕਿਸਮ ਦੀ ਗਲਤੀ, ਅਧੂਰੇਪਣ ਜਾਂ ਅਸਪੱਸ਼ਟਤਾ ਲਈ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਵੇਗਾ।

# ਕੋਰਸ ਅਤੇ ਕੁੱਲ ਸੀਟਾਂ

| **ਰੈਗੂਲਰ ਕੋਰਸ** | | **ਕੁੱਲ ਸੀਟਾਂ ਦੀ ਗਿਣਤੀ** |
|---|---|---|
| 1) ਬੀ.ਏ. | : | 500 |
| 2) ਬੀ.ਐੱਸ.ਸੀ. (ਨਾਨ-ਮੈਡੀਕਲ) | : | 30 |
| 3) ਬੀ.ਕਾਮ. | : | 60 |

**ਸਵੈ-ਵਿੱਤੀ ਸਕੀਮ ਅਧੀਨ ਕੋਰਸ**

| | | |
|---|---|---|
| 1) ਬੀ.ਕਾਮ. | : | 60 |
| 2) ਬੀ.ਸੀ.ਏ. | : | 57 |
| 3) ਬੀ.ਬੀ.ਏ. (ਬਿਜ਼ਨੈਸ ਪ੍ਰੋਸੈਸ ਰੀਇੰਜੀਨੀਅਰਿੰਗ ਐਂਡ ਮੈਨੇਜਮੈਂਟ) | : | 50 |
| 4) ਬੀ.ਏ. (ਅਸਥੈਟਿਕ ਐਂਡ ਬਿਊਟੀ ਥੈਰੇਪੀ) | : | 50 |
| 5) ਐੱਮ.ਕਾਮ | : | 40 |

# ਹਾਜਰੀਆਂ ਅਤੇ ਪੁਨਰ-ਦਾਖਲਾ

ਜੇਕਰ ਕੋਈ ਵਿਦਿਆਰਥੀ ਛੁੱਟੀ ਲਏ ਬਿਨਾਂ ਕਾਲਜ ਤੋਂ ਇੱਕ ਪੀਰੀਅਡ ਗੈਰਹਾਜ਼ਰ ਹੈ ਤਾਂ ਉਸ ਤੋਂ ਸਰਕਾਰ ਅਤੇ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਜੁਰਮਾਨਾ ਵਸੂਲ ਕੀਤਾ ਜਾਵੇਗਾ। ਜੇਕਰ ਕੋਈ ਵਿਦਿਆਰਥੀ ਲਗਾਤਾਰ ਦਸ ਦਿਨ ਤੱਕ ਕਿਸੇ ਵੀ ਵਿਸ਼ੇ ਦੀ ਕਲਾਸ ਵਿੱਚੋਂ ਬਿਨਾਂ ਛੁੱਟੀ ਤੋਂ ਗੈਰਹਾਜ਼ਰ ਰਹਿੰਦਾ ਹੈ, ਤਾਂ ਉਸ ਦਾ ਨਾਮ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ। ਜੇਕਰ ਨਾਮ ਕੱਟ ਜਾਣ ਤੋਂ ਦੋ ਹਫਤਿਆਂ ਅੰਦਰ ਵਿਦਿਆਰਥੀ ਮੁੜ ਦਾਖਲੇ ਲਈ ਬੇਨਤੀ ਕਰਦਾ ਹੈ ਤਾਂ ਪ੍ਰਿੰਸੀਪਲ ਦੀ ਆਗਿਆ ਨਾਲ ਉਸ ਨੂੰ ਮੁੜ-ਦਾਖਲਾ ਫੀਸ ਨਾਲ ਦਾਖਲ ਕੀਤਾ ਜਾ ਸਕਦਾ ਹੈ। ਇਸ ਤੋਂ ਵੱਧ ਸਮਾਂ ਬੀਤ ਜਾਣ ਤੇ ਉਸਨੂੰ ਦਾਖਲ ਨਹੀਂ ਕੀਤਾ ਜਾਵੇਗਾ।

**ਜੇਕਰ ਕੋਈ ਵਿਦਿਆਰਥੀ ਹਰ ਵਿਸ਼ੇ ਦੇ 75% ਲੈਕਚਰਾਂ ਵਿੱਚ ਹਾਜ਼ਰ ਨਹੀਂ ਹੁੰਦਾ ਤਾਂ ਉਸ ਨੂੰ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।**

# ਅਧਿਆਪਨ ਦੇ ਕੋਰਸ

## ਬੀ.ਏ. / ਬੀ.ਏ. ਆਨਰਜ਼

**ਯੋਗਤਾਵਾਂ**

ਨਵੀਂ ਸਿੱਖਿਆ ਨੀਤੀ ਤਹਿਤ ਸ਼ੁਰੂ ਕੀਤੀ ਗਈ ਬੀ.ਏ. ਚਾਰ ਸਾਲ (ਅੱਠ ਸਮੈਸਟਰ) ਦਾ ਕੋਰਸ ਹੈ। ਪਹਿਲੇ ਸਮੈਸਟਰ ਵਿੱਚ ਦਾਖਲਾ ਉਹਨਾਂ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜਿਹਨਾਂ ਨੇ 12ਵੀਂ ਜਾਂ ਇਸ ਦੇ ਬਰਾਬਰ ਦਾ ਇਮਤਿਹਾਨ ਪਾਸ ਕੀਤਾ ਹੋਵੇ। ਪਹਿਲਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ, ਦੂਜਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ ਡਿਪਲੋਮਾ, ਤੀਜਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ ਡਿਗਰੀ ਅਤੇ ਚੌਥਾ ਸਾਲ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਡਿਗਰੀ ਵਿਦ ਆਨਰਜ਼ ਪ੍ਰਦਾਨ ਕੀਤੀ ਜਾਵੇਗੀ।

**ਵਿਸ਼ੇ**

| ਸੋਸ਼ਲ ਸਾਇੰਸਜ਼ | ਭਾਸ਼ਾਵਾਂ | ਪਰਫਾਰਮਿੰਗ ਆਰਟਸ | ਸੀਐੱਸਐੱਮ |
|---|---|---|---|
| ਅਰਥ ਸ਼ਾਸਤਰ | ਪੰਜਾਬੀ ਸਾਹਿਤ | ਫਾਈਨ ਆਰਟਸ | ਕੰਪਿਊਟਰ ਐਪਲੀਕੇਸ਼ਨ |
| ਇਤਿਹਾਸ | ਹਿੰਦੀ ਸਾਹਿਤ | ਸੰਗੀਤ (ਗਾਇਣ) | ਗਣਿਤ |
| ਰਾਜਨੀਤੀ ਵਿਗਿਆਨ | ਅੰਗਰੇਜ਼ੀ ਸਾਹਿਤ | | |
| ਲੋਕ ਪ੍ਰਸ਼ਾਸਨ | | | |
| ਹੋਮ ਸਾਇੰਸ | | | |
| ਸਰੀਰਕ ਸਿੱਖਿਆ | | | |
| ਭੂਗੋਲ | | | |
| ਸਮਾਜ ਸ਼ਾਸਤਰ | | | |

**ਜ਼ਰੂਰੀ ਨੋਟ :**

1) ਵਿਦਿਆਰਥੀ ਪੜ੍ਹਾਈ ਲਈ ਤਿੰਨ ਮੇਜਰ ਅਤੇ ਇਕ ਮਾਈਨਰ ਵਿਸ਼ੇ ਦੀ ਚੋਣ ਕਰੇਗਾ ਅਤੇ ਲਾਜ਼ਮੀ ਪੰਜਾਬੀ ਵਿਸ਼ੇ ਦੀ ਪੜ੍ਹਾਈ ਕਰੇਗਾ। ਹਰੇਕ ਵਿਸ਼ਾ ਚਾਰ ਕਰੈਡਿਟ ਦਾ ਹੋਵੇਗਾ।
2) ਇਸਦੇ ਨਾਲ ਨਾਲ ਵਿਦਿਆਰਥੀ ਏਬਿਲਟੀ ਇਨਹਾਂਸਮੈਂਟ ਕੋਰਸ (ਏ.ਈ.ਸੀ.) (ਦੋ ਕਰੈਡਿਟ) ਵੈਲਿਊ ਐਡਡ ਕੋਰਸ (ਦੋ ਕਰੈਡਿਟ), ਇੰਟਰ/ਮਲਟੀ ਡਿਸੀਪਲਿਨਰੀ ਕੋਰਸ (ਤਿੰਨ ਕਰੈਡਿਟ) ਅਤੇ ਸਕਿੱਲ ਇਨਹਾਂਸਮੈਂਟ ਕੋਰਸ (ਤਿੰਨ ਕਰੈਡਿਟ) ਦੀ ਪੜ੍ਹਾਈ ਕਰੇਗਾ। ਏਬਿਲਟੀ ਇਨਹਾਂਸਮੈਂਟ ਕੋਰਸ (ਏ.ਈ.ਸੀ.) ਅਤੇ ਵੈਲਿਊ ਐਡਡ ਕੋਰਸ ਪਹਿਲੇ ਚਾਰ ਸਮੈਸਟਰ ਅਤੇ ਇੰਟਰ/ਮਲਟੀ ਡਿਸੀਪਲਿਨਰੀ ਕੋਰਸ ਪਹਿਲੇ, ਦੂਜੇ ਅਤੇ ਚੌਥੇ ਸਮੈਸਟਰ ਅਤੇ ਸਕਿੱਲ ਇਨਹਾਂਸਮੈਂਟ ਕੋਰਸ ਪਹਿਲੇ ਤਿੰਨ ਸਮੈਸਟਰ ਪੜ੍ਹਾਇਆ ਜਾਵੇਗਾ।
3) ਹਰੇਕ ਵਿਦਿਆਰਥੀ ਲਈ ਇੰਟਰਨਸ਼ਿਪ/ਕਮਿਊਨਟੀ ਸਰਵਿਸ, ਫੀਲਡ ਬੇਸਡ ਲਰਨਿੰਗ, ਮਾਈਨਰ ਪ੍ਰੋਜੈਕਟ, ਵੋਕੇਸ਼ਨਲ ਕੋਰਸ ਆਦਿ (30 ਘੰਟੇ ਪ੍ਰਤੀ ਕਰੈਡਿਟ x 4 ਕਰੈਡਿਟ = 120) ਲਾਜ਼ਮੀ ਹੈ।

## ਬੀ.ਐੱਸ.ਸੀ. (ਨਾਨ-ਮੈਡੀਕਲ)

**ਯੋਗਤਾਵਾਂ**

ਉਮੀਦਵਾਰ ਨੇ ਕਿਸੇ ਪ੍ਰਵਾਣਿਤ ਸੰਸਥਾ ਤੋਂ ਨਾਨ-ਮੈਡੀਕਲ ਦੇ ਵਿਸ਼ਿਆਂ (ਗਣਿਤ, ਫਿਜ਼ਿਕਸ, ਕੈਮਿਸਟਰੀ) ਨਾਲ 10+2 ਦੀ ਪ੍ਰੀਖਿਆ ਪਾਸ ਕੀਤੀ ਹੋਵੇ। ਨਵੀਂ ਸਿੱਖਿਆ ਨੀਤੀ ਤਹਿਤ ਸ਼ੁਰੂ ਕੀਤੀ ਗਈ ਬੀ.ਐੱਸ.ਸੀ (ਨਾਨ ਮੈਡੀਕਲ) ਚਾਰ ਸਾਲ (ਅੱਠ ਸਮੈਸਟਰ) ਦਾ ਕੋਰਸ ਹੈ।

**ਵਿਸ਼ੇ:**

| ਫਿਜ਼ੀਕਲ ਸਾਇੰਸਜ਼ | ਕੰਪਿਊਟਰ ਸਾਇੰਸ |
|---|---|
| ਫਿਜ਼ਿਕਸ | ਕੰਪਿਊਟਰ ਸਾਇੰਸ |
| ਕੈਮਿਸਟਰੀ | |
| ਮੈਥ | |

ਜ਼ਰੂਰੀ ਨੋਟ : ਵਿਦਿਆਰਥੀ ਪੜ੍ਹਾਈ ਲਈ ਤਿੰਨ ਮੇਜਰ ਅਤੇ ਇਕ ਮਾਈਨਰ ਵਿਸ਼ੇ ਦੀ ਚੋਣ ਕਰੇਗਾ ਅਤੇ ਲਾਜ਼ਮੀ ਪੰਜਾਬੀ ਵਿਸ਼ੇ ਦੀ ਪੜ੍ਹਾਈ ਕਰੇਗਾ। ਹਰੇਕ ਵਿਸ਼ਾ ਚਾਰ ਕਰੈਡਿਟ ਦਾ ਹੋਵੇਗਾ। ਇਸਦੇ ਨਾਲ ਨਾਲ ਵਿਦਿਆਰਥੀ ਏਬਿਲਟੀ ਇਨਹਾਂਸਮੈਂਟ ਕੋਰਸ, ਇੰਟਰ ਮਲਟੀ ਡਿਸੀਪਲਿਨਰੀ ਕੋਰਸ, ਸਕਿੱਲ ਇਨਹਾਂਸਮੈਂਟ ਕੋਰਸ, ਵੈਲਿਊ ਐਡਡ ਕੋਰਸ ਦੀ ਪੜ੍ਹਾਈ ਵੀ ਕਰੇਗਾ। ਏਬਿਲਟੀ ਇਨਹਾਂਸਮੈਂਟ ਕੋਰਸ ਅਤੇ ਵੈਲਿਊ ਐਡਡ ਕੋਰਸ 2 ਕਰੈਡਿਪਟ ਦੇ ਹੋਣਗੇ ਅਤੇ ਪਹਿਲੇ ਚਾਰ ਸਮੈਸਟਰ ਪੜ੍ਹਾਏ ਜਾਣਗੇ। ਇੰਟਰ/ਮਲਟੀ ਡਿਸਪਲਿਨਰੀ ਕੋਰਸ ਤੇ ਸਕਿੱਲ ਇਨਹਾਂਸਮੈਂਟ ਕੋਰਸ 3 ਕਰੈਡਿਟ ਦੇ ਹੋਣਗੇ। ਸਕਿੱਲ ਇਨਹਾਂਸਮੈਂਟ ਕੋਰਸ ਪਹਿਲੇ ਤਿੰਨ ਸਮੈਸਟਰ ਅਤੇ ਇੰਟਰ/ਮਲਟੀ ਡਿਸਪਲਿਨਰੀ ਕੋਰਸ ਪਹਿਲੇ, ਦੂਜੇ ਅਤੇ ਚੌਥੇ ਸਮੈਸਟਰ ਵਿੱਚ ਪੜ੍ਹਾਇਆ ਜਾਵੇਗਾ।

## ਬੀ.ਕਾਮ / ਬੀ.ਕਾਮ ਆਨਰਜ਼

**ਯੋਗਤਾਵਾਂ**

ਬੀ.ਕਾਮ (ਆਨਰਜ਼) ਚਾਰ ਸਾਲ (ਅੱਠ ਸਮੈਸਟਰ) ਦਾ ਕੋਰਸ ਹੈ। ਉਮੀਦਵਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਿਤ ਸੰਸਥਾ ਤੋਂ 10+2 ਜਾਂ ਇਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਹੇਠ ਲਿਖੀਆਂ ਸ਼ਰਤਾਂ ਸਹਿਤ ਪਾਸ ਕੀਤਾ ਹੋਵੇ:-

ੳ) ਕਾਮਰਸ ਗਰੁੱਪ ਦੇ ਵਿਦਿਆਰਥੀ ਦੇ ਘੱਟੋ ਘੱਟ 40 ਪ੍ਰਤੀਸ਼ਤ ਕੁੱਲ ਅੰਕ ਹੋਣੇ ਚਾਹੀਦੇ ਹਨ।

ਅ) ਕਾਮਰਸ/ਅਕਾਊਂਟਸ/ਗਣਿਤ/ਅਰਥ ਸ਼ਾਸਤਰ/ਮੈਨੇਜਮੈਂਟ ਵਿੱਚੋਂ ਵਿਦਿਆਰਥੀ ਨੇ ਘੱਟੋ ਘੱਟ ਦੋ ਵਿਸ਼ਿਆਂ ਨਾਲ 10+2 (ਆਰਟਸ) ਦਾ ਇਮਤਿਹਾਨ 45 ਪ੍ਰਤੀਸ਼ਤ ਅੰਕਾਂ ਨਾਲ ਪਾਸ ਕੀਤਾ ਹੋਵੇ।

ੲ) ਦੂਜੇ ਕਿਸੇ ਵੀ ਗਰੁੱਪ ਵਿੱਚੋਂ ਘੱਟੋਂ ਘੱਟ 50 ਪ੍ਰਤੀਸ਼ਤ ਅੰਕ ਹੋਣੇ ਚਾਹੀਦੇ ਹਨ।

**ਨੋਟ:** ਉਮੀਦਵਾਰ ਕੇਵਲ ਯੋਗਤਾ ਪੂਰੀ ਕਰਨ ਨਾਲ ਹੀ ਦਾਖਲੇ ਦਾ ਅਧਿਕਾਰੀ ਨਹੀਂ ਬਣ ਜਾਂਦਾ ਕਿਉਂਕਿ ਦਾਖਲਾ ਮੈਰਿਟ ਅਨੁਸਾਰ ਕੀਤਾ ਜਾਵੇਗਾ। ਚੁਣੇ ਗਏ ਵਿਦਿਆਰਥੀਆਂ ਦੁਆਰਾ ਉਸੇ ਦਿਨ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ, ਨਹੀਂ ਤਾਂ ਸੀਟ ਅਗਲੇ ਉਮੀਦਵਾਰ ਨੂੰ ਦੇ ਦਿੱਤੀ ਜਾਵੇਗੀ।

**ਵਿਸ਼ੇ (SUBJECTS)**

ਵਿਦਿਆਰਥੀ ਮੇਜਰ, ਮਾਈਨਰ, ਪੰਜਾਬੀ (ਲਾਜ਼ਮੀ), ਇੰਟਰ/ਮਲਟੀ ਡਿਸਪਲਿਨਰੀ ਕੋਰਸ, ਸਕਿੱਲ ਇਨਹਾਸਮੈਂਟ ਕੋਰਸ, ਏਬਿਲਟੀ ਇਨਹਾਸਮੈਂਟ ਕੋਰਸ, ਵੈਲਿਊ ਐਡਡ ਕੋਰਸ ਦੀ ਪੜ੍ਹਾਈ ਕਰੇਗਾ। ਪਹਿਲੇ ਚਾਰ ਸਮੈਸਟਰਾਂ ਵਿੱਚ ਹਰੇਕ ਵਿੱਚ ਦੋ ਮੇਜਰ ਅਤੇ ਆਖਰੀ ਚਾਰ ਸਮੈਸਟਰਾਂ ਵਿੱਚ ਹਰੇਕ ਵਿੱਚ ਚਾਰ ਮੇਜਰ ਵਿਸ਼ੇ ਪੜ੍ਹਾਏ ਜਾਣਗੇ। ਕੁੱਲ ਅੱਠ ਸਮੈਸਟਰਾਂ ਵਿੱਚ ਹਰੇਕ ਸਮੈਸਟਰ ਇਕ ਮਾਈਨਰ ਅਤੇ ਲਾਜ਼ਮੀ ਪੰਜਾਬੀ ਵਿਸ਼ੇ ਦੀ ਪੜ੍ਹਾਈ ਹੋਵੇਗਾ। ਏਬਿਲਟੀ ਇਨਹਾਂਸਮੈਂਟ ਕੋਰਸ ਅਤੇ ਵੈਲਿਊ ਐਡਡ ਕੋਰਸ ਪਹਿਲੇ ਚਾਰ ਸਮੈਸਟਰ, ਸਕਿੱਲ ਇਨਹਾਂਸਮੈਂਟ ਕੋਰਸ ਪਹਿਲੇ ਤਿੰਨ ਸਮੈਸਟਰ ਅਤੇ ਇੰਟਰ/ਮਲਟੀ ਡਿਸਪਲਿਨਰੀ ਕੋਰਸ ਪਹਿਲੇ, ਦੂਜੇ ਅਤੇ ਚੌਥੇ ਸਮੈਸਟਰ ਵਿੱਚ ਪੜ੍ਹਾਇਆ ਜਾਵੇਗਾ। ਇਸ ਤੋਂ ਇਲਾਵਾ ਹਰੇਕ ਵਿਦਿਆਰਥੀ ਲਈ ਸਮਰ ਇੰਟਰਨਸ਼ਿਪ/ਕਮਿਊਨਿਟੀ ਸਰਵਿਸ / ਫੀਲਡ ਬੇਸਡ ਲਰਨਿਗ/ਮਾਈਨਰ ਪ੍ਰੋਜੈਕਟ /ਵੋਕੇਸ਼ਨਲ ਕੋਰਸ ਆਦਿ (30 ਘੰਟੇ ਪ੍ਰਤੀ ਕਰੈਡਿਟ x 4 ਕਰੈਡਿਟ = 120 ਘੰਟੇ) ਵੀ ਲਾਜ਼ਮੀ ਹੈ। ਮੇਜਰ, ਮਾਈਨਰ ਅਤੇ ਪੰਜਾਬੀ (ਲਾਜ਼ਮੀ) ਦੇ ਚਾਰ-ਚਾਰ ਕਰੈਡਿਟ, ਇੰਟਰ/ਮਲਟੀ ਡਿਸਪਲਿਨਰੀ ਕੋਰਸ ਅਤੇ ਸਕਿੱਲ ਇਨਹਾਂਸਮੈਂਟ ਕੋਰਸ ਦੇ ਤਿੰਨ-ਤਿੰਨ ਕਰੈਡਿਟ ਅਤੇ ਏਬਿਲਟੀ ਇਨਹਾਂਸਮੈਂਟ ਕੋਰਸ ਅਤੇ ਵੈਲਿਊ ਐਡਡ ਕੋਰਸ ਦੇ ਦੋ-ਦੋ ਕਰੈਡਿਟ ਹਨ।

# ਸਵੈ-ਵਿੱਤੀ ਕੋਰਸ (Self Financing Courses)

ਐੱਚ.ਈ.ਆਈ.ਐੱਸ. ਅਧੀਨ ਹੇਠਾਂ ਦਿੱਤੇ ਸਵੈ-ਵਿੱਤੀ ਕੋਰਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਚਲਾਏ ਜਾ ਰਹੇ ਹਨ।

## ਬੀ.ਕਾਮ.ਆਨਰਜ਼

**ਯੋਗਤਾਵਾਂ ਅਤੇ ਵਿਸ਼ੇ :** ਇਸ ਕੋਰਸ ਵਿੱਚ ਦਾਖਲਾ ਲੈਣ ਦੀਆਂ ਯੋਗਤਾਵਾਂ ਅਤੇ ਵਿਸ਼ੇ ਪਿੱਛੇ ਦਰਸਾਏ ਬੀ.ਕਾਮ/ਬੀ.ਕਾਮ ਆਨਰਜ਼ ਕੋਰਸ ਵਾਲੇ ਹੀ ਹੋਣਗੇ।

## ਬੀ.ਸੀ.ਏ./ਬੀ.ਸੀ.ਏ. ਆਨਰਜ਼

**ਯੋਗਤਾਵਾਂ**

ਬੀ.ਸੀ.ਏ./ਬੀ.ਸੀ.ਏ. ਆਨਰਜ਼ ਚਾਰ ਸਾਲ (ਅੱਠ ਸਮੈਸਟਰ) ਦਾ ਕੋਰਸ ਹੈ। ਉਹ ਵਿਦਿਆਰਥੀ ਜਿਨ੍ਹਾਂ ਨੇ 10+ 2 ਪਾਸ ਕੀਤੀ ਹੈ ਉਹ ਇਸ ਕੋਰਸ ਵਿੱਚ ਦਾਖਲਾ ਲੈਣ ਦੇ ਯੋਗ ਹਨ।ਪੰਜਾਬੀ ਵਿਸ਼ੇ ਨੂੰ ਛੱਡ ਕੇ ਬਾਕੀ ਕੋਰਸ ਦੀ ਪੜ੍ਹਾਈ ਅਤੇ ਪ੍ਰੀਖਿਆ ਅੰਗ੍ਰੇਜ਼ੀ ਮਾਧਿਅਮ ਵਿੱਚ ਹੋਵੇਗੀ।

**ਵਿਸ਼ੇ**

ਵਿਦਿਆਰਥੀ ਅੱਠ ਸਮੈਸਟਰਾਂ ਦੌਰਾਨ ਕੋਰ ਵਿਸ਼ੇ, ਡਿਸਪਲਿਨ ਸਪੈਸੀਫਿਕ ਇਲੈਕਟਿਵ, ਮਲਟੀ ਡਿਸਪਲਿਨਰੀ ਇਲੈਕਟਿਵ, ਪੰਜਾਬੀ (ਲਾਜ਼ਮੀ), ਸਕਿੱਲ ਇਨਹਾਂਸਮੈਂਟ ਕੋਰਸ, ਏਬਿਲਟੀ ਇਨਹਾਸਮੈਂਟ ਕੋਰਸ ਅਤੇ ਵੈਲਿਊ ਐਡਡ ਕੋਰਸ ਦੀ ਪੜ੍ਹਾਈ ਕਰੇਗਾ। ਵਿਦਿਆਰਥੀ ਨੂੰ ਪਹਿਲੇ ਸਮੈਸਟਰ ਵਿੱਚ ਦੋ, ਦੂਜੇ, ਤੀਜੇ ਅਤੇ ਚੌਥੇ ਸਮੈਸਟਰ ਵਿੱਚ ਤਿੰਨ-ਤਿੰਨ, ਪੰਜਵੇਂ, ਛੇਵੇਂ ਅਤੇ ਸੱਤਵੇਂ ਸਮੈਸਟਰ ਵਿੱਚ ਇਕ-ਇਕ ਕੋਰ ਵਿਸ਼ੇ ਪੜ੍ਹਾਏ ਜਾਣਗੇ। ਡਿਸਪਲਿਨ ਸਪੈਸੀਫਿਕ ਇਲੈਕਟਿਵ ਦੇ ਤੀਜੇ ਅਤੇ ਚੌਥੇ ਸਮੈਸਟਰ ਵਿੱਚ ਇੱਕ-ਇੱਕ, ਪੰਜਵੇਂ ਅਤੇ ਛੇਵੇਂ ਸਮੈਸਟਰ ਵਿੱਚ ਤਿੰਨ-ਤਿੰਨ, ਸੱਤਵੇਂ ਸਮੈਸਟਰ ਵਿੱਚ ਦੋ ਅਤੇ ਅੱਠਵੇਂ ਸਮੈਸਟਰ ਵਿੱਚ ਤਿੰਨ ਪੇਪਰ ਪੜ੍ਹਾਏ ਜਾਣਗੇ। ਮਲਟੀ ਡਿਸਪਲਿਨਰੀ ਇਲੈਕਟਿਵ ਵਿਸ਼ਾ ਪਹਿਲੇ ਅਤੇ ਸੱਤਵੇਂ ਸਮੈਸਟਰ ਵਿੱਚ , ਵੈਲਿਊ ਐਡਡ ਕੋਰਸ ਤੇ ਪੰਜਾਬੀ ਲਾਜ਼ਮੀ ਪਹਿਲੇ ਚਾਰ ਸਮੈਸਟਰ ਅਤੇ ਏਬਿਲਟੀ ਇਨਹਾਂਸਮੈਂਟ ਕੋਰਸ ਪਹਿਲੇ ਦੋ ਸਮੈਸਟਰ ਪੜ੍ਹਾਇਆ ਜਾਵੇਗਾ। ਇਸਦੇ ਨਾਲ ਹੀ ਹਰੇਕ ਵਿਦਿਆਰਥੀ ਲਈ ਅੱਠ ਹਫਤਿਆਂ ਦੀ ਸਮਰ ਇੰਟਰਨਸ਼ਿਪ/ਕੇਪਸਟੋਨ ਪ੍ਰੋਜੈਕਟ ਵੀ ਲਾਜ਼ਮੀ ਹੈ।

## ਬੀ.ਬੀ.ਏ./ਬੀ.ਬੀ.ਏ. ਆਨਰਜ਼

**ਯੋਗਤਾਵਾਂ**

ਬੀ.ਬੀ.ਏ./ਬੀ.ਬੀ.ਏ. ਆਨਰਜ਼ ਚਾਰ ਸਾਲ (ਅੱਠ ਸਮੈਸਟਰ) ਦਾ ਕੋਰਸ ਹੈ। ਇਸ ਕੋਰਸ ਵਿੱਚ ਦਾਖਲਾ ਲੈਣ ਲਈ ਜਨਰਲ ਕੈਟਾਗਰੀ ਦੇ ਵਿਦਿਆਰਥੀਆਂ ਨੇ 12ਵੀਂ ਵਿੱਚੋਂ ਘੱਟੋ ਘੱਟ 50% ਅੰਕ ਅਤੇ ਐਸ.ਸੀ./ਐਸ.ਟੀ. ਕੈਟਾਗਰੀ ਦੇ ਵਿਦਿਆਰਥੀਆਂ ਨੇ ਘੱਟੋ ਘੱਟ 45% ਅੰਕ ਪ੍ਰਾਪਤ ਕੀਤੇ ਹੋਣ।

**ਵਿਸ਼ੇ**

ਵਿਦਿਆਰਥੀ ਨੂੰ ਪਹਿਲੇ ਤਿੰਨ ਸਮੈਸਟਰ ਤਿੰਨ-ਤਿੰਨ ਚੌਥੇ ਸਮੈਸਟਰ ਚਾਰ, ਪੰਜਵੇਂ ਅਤੇ ਛੇਵੇਂ ਸਮੈਸਟਰ ਦੋ-ਦੋ ਅਤੇ ਸੱਤਵੇਂ ਸਮੈਸਟਰ ਇੱਕ ਕੋਰ ਵਿਸ਼ੇ ਪੜ੍ਹਾਏ ਜਾਣਗੇ। ਇਸਦੇ ਨਾਲ ਡਿਸਪਲਿਨ ਸਪੈਸੀਫਿਕ ਇਲੈਕਟਿਵ ਦੇ ਪੰਜਵੇਂ, ਛੇਵੇਂ ਅਤੇ ਸੱਤਵੇਂ ਸਮੈਸਟਰ ਦੋ-ਦੋ ਅਤੇ ਅੱਠਵੇਂ ਸਮੈਸਟਰ ਤਿੰਨ ਪੇਪਰ ਪੜ੍ਹਾਏ ਜਾਣਗੇ। ਇਸ ਤੋਂ ਇਲਾਵਾ ਮਲਟੀ ਡਿਸਪਲਿਨਰੀ ਇਲੈਕਟਿਵ ਪਹਿਲੇ, ਦੂਜੇ, ਤੀਜੇ ਅਤੇ ਸੱਤਵੇਂ ਸਮੈਸਟਰ ਵਿੱਚ ਵੈਲਿਊ ਐਡਡ ਕੋਰਸ ਤੇ ਪੰਜਾਬੀ ਲਾਜ਼ਮੀ ਵਿਸ਼ਾ ਪਹਿਲੇ ਚਾਰ ਸਮੈਸਟਰ, ਏਬਿਲਟੀ ਇਨਹਾਂਸਮੈਂਟ ਕੋਰਸ ਪਹਿਲੇ ਦੋ ਸਮੈਸਟਰ ਪੜ੍ਹਾਇਆ ਜਾਵੇਗਾ। ਸਕਿੱਲ ਇਨਹਾਂਸਮੈਂਟ ਕੋਰਸ ਪਹਿਲੇ ਸਮੈਸਟਰ ਨੂੰ ਛੱਡ ਕੇ ਬਾਕੀ ਸਾਰੇ ਸਮੈਸਟਰ ਵਿੱਚ ਪੜ੍ਹਾਇਆ ਜਾਵੇਗਾ।

## ਐੱਮ.ਕਾਮ.

**ਯੋਗਤਾਵਾਂ**

ਬੀ.ਕਾਮ ਵਿੱਚ ਘੱਟ ਤੋਂ ਘੱਟ 50 ਫੀਸਦੀ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਐੱਮ.ਕਾਮ. ਕੋਰਸ ਵਿੱਚ ਦਾਖਲੇ ਲਈ ਯੋਗ ਹੋਣਗੇ। ਇਹ ਦੋ ਸਾਲ (4 ਸਮੈਸਟਰ) ਦਾ ਕੋਰਸ ਹੈ।

**ਵਿਸ਼ੇ**

ਕੁੱਲ ਚਾਰ ਸਮੈਸਟਰਾਂ ਵਿੱਚ ਵਿਦਿਆਰਥੀ ਹਰੇਕ ਸਮੈਸਟਰ ਪੰਜ ਵਿਸ਼ਿਆਂ/ਪੇਪਰਾਂ ਦੀ ਪੜ੍ਹਾਈ ਕਰੇਗਾ। ਇਸਦੇ ਨਾਲ ਹੀ ਦੂਜੇ ਸਮੈਸਟਰ ਵਿੱਚ ਪੰਜਾਬੀ ਦਾ ਕੁਆਲੀਫਾਇੰਗ ਪੇਪਰ ਵੀ ਦੇਵੇਗਾ। ਵਿਸ਼ਿਆਂ ਸਬੰਧੀ ਵਿਸਥਾਰਤ ਜਾਣਕਾਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਜਾਰੀ ਪਾਠਕ੍ਰਮ ਵਿੱਚ ਉਪਲਬਧ ਹੈ।

## ਵੈਲਿਊ ਐਡਡ ਕੋਰਸਜ਼ (Value Added Courses)

- **ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਸਹਿਯੋਗ ਨਾਲ ਹੇਠ ਲਿਖੇ ਸਕਿੱਲ ਓਰੀਐਂਟਡ ਕੋਰਸ ਕਰਵਾਏ ਜਾ ਰਹੇ ਹਨ।**

1. ਸਰਟੀਫਿਕੇਟ ਕੋਰਸ ਇਨ ਆਈ ਟੀ ਇਨੇਬਲਡ ਸਰਵਸਿਜ਼
2. ਸਰਟੀਫਿਕੇਟ ਕੋਰਸ ਇਨ ਕ੍ਰਿਏਟਿਵ ਰਾਈਟਿੰਗ ਐਂਡ ਕੰਟੈਂਟ ਡਿਵੈਲਪਮੈਂਟ

**ਯੋਗਤਾਵਾਂ**

ਉਹ ਵਿਦਿਆਰਥੀ ਜਿਹਨਾਂ ਨੇ ਬਾਰਵੀਂ (10+2) ਪਾਸ ਕੀਤੀ ਹੈ, ਉਹ ਸਰਟੀਫਿਕੇਟ ਕੋਰਸਾਂ ਵਿਚ ਦਾਖਲਾ ਲੈ ਸਕਦੇ ਹਨ। ਇਹ ਕੋਰਸ ਕਿਸੇ ਹੋਰ ਡਿਗਰੀ ਦੇ ਨਾਲ ਵੀ ਕੀਤੇ ਜਾ ਸਕਦੇ ਹਨ।

## ਇੰਗਲਿਸ਼ ਫਾਰ ਵਰਕ (English for work)

ਇਹ ਕੋਰਸ ਪੰਜਾਬ ਸਰਕਾਰ ਦੁਆਰਾ 'ਬਿਟ੍ਰਿਸ਼ ਕੌਂਸਲ ਨਾਲ ਸਾਂਝੇ ਤੌਰ ਤੇ ਕਰਵਾਇਆ ਜਾਂਦਾ ਹੈ ਜਿਸਦਾ ਮਕਸਦ ਪੰਜਾਬ ਦੇ ਵਿਦਿਆਰਥੀਆਂ ਦੀ ਅੰਗਰੇਜ਼ੀ ਭਾਸ਼ਾ ਵਿੱਚ ਸੰਚਾਰ ਦੀ ਯੋਗਤਾ ਦੇ ਪੱਧਰ ਨੂੰ ਉੱਨਤ ਕਰਨਾ ਹੈ।

ਯੋਗਤਾਵਾਂ : ਗਰੈਜੂਏਸ਼ਨ ਕੋਰਸ ਦੇ ਦੂਜੇ ਸਾਲ ਵਿੱਚ ਪੜ੍ਹ ਰਹੇ ਵਿਦਿਆਰਥੀ ਇਹ ਕੋਰਸ ਕਰ ਸਕਦੇ ਹਨ। ਬ੍ਰਿਟਿਸ਼ ਕੌਂਸਲ ਵੱਲੋਂ ਕਰਵਾਏ ਜਾਂਦੇ ਪ੍ਰੀ-ਟੈਸਟ ਦੇ ਆਧਾਰ ਉੱਪਰ ਤਿਆਰ ਕੀਤੀ ਗਈ ਮੈਰਿਟ ਲਿਸਟ ਅਨੁਸਾਰ ਹੀ ਵਿਦਿਆਰਥੀਆਂ ਨੂੰ ਕੋਰਸ ਵਿੱਚ ਦਾਖਲਾ ਦਿੱਤਾ ਜਾਂਦਾ ਹੈ। ਕਾਲਜ ਵਿਖੇ ਗਰੈਜੂਏਸ਼ਨ ਪੱਧਰ ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਇਹ ਕੋਰਸ ਕਰ ਸਕਦੇ ਹਨ।

## ਜ਼ਰੂਰੀ ਨੋਟ

1. ਸੈਸ਼ਨ ਦੌਰਾਨ ਕੋਈ ਵੀ ਕਲਾਸ ਜਾਂ ਵਿਸ਼ਾ ਤਾਂ ਹੀ ਸ਼ੁਰੂ ਹੋਵੇਗਾ ਜੇਕਰ ਉਸ ਵਿੱਚ ਘੱਟ ਤੋ ਘੱਟ 25 ਵਿਦਿਆਰਥੀ ਦਾਖਲ ਹੋਣਗੇ।
2. ਜਿਹੜੇ ਵਿਦਿਆਰਥੀ ਪੰਜਾਬ ਰਾਜ ਤੋਂ ਬਾਹਰੋਂ ਦਸਵੀਂ ਦੀ ਪ੍ਰੀਖਿਆ ਪਾਸ ਕਰਕੇ ਆਏ ਹਨ ਜਾਂ ਜਿਨ੍ਹਾਂ ਦੇ ਮਾਂ-ਬਾਪ ਸੁਰੱਖਿਆ ਸੈਨਾਵਾਂ ਵਿੱਚ ਹਨ, ਉਹ ਪੰਜਾਬੀ ਲਾਜ਼ਮੀ ਦੀ ਜਗ੍ਹਾ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ।
3. ਜੋ ਵਿਦਿਆਰਥੀ ਹੋਰ ਯੂਨੀਵਰਸਿਟੀ ਤੋਂ ਮਾਈਗ੍ਰੇਟ ਹੋ ਕੇ ਦਾਖਲ ਹੁੰਦੇ ਹਨ ਉਨ੍ਹਾਂ ਦੇ ਡੈਫੀਸ਼ੈਂਟ ਪੇਪਰਾਂ ਦੀ ਜਾਣਕਾਰੀ /ਪ੍ਰਵਾਨਗੀ ਸਬੰਧੀ ਸਿਲੇਬਸ ਅਤੇ ਸਰਟੀਫਿਕੇਟਾਂ ਦੀ ਕਾਪੀ ਸਮੇਤ ਕੇਸ ਬਣਾ ਕੇ ਮੁਕੰਮਲ ਦਸਤਾਵੇਜ਼ਾਂ ਸਹਿਤ ਯੂਨੀਵਰਸਿਟੀ ਦੇ ਡੀਨ ਕਾਲਜ ਵਿਕਾਸ ਕੌਂਸਲ ਦੇ ਦਫਤਰ ਨੂੰ ਨਿਸ਼ਚਿਤ ਸਮਾਂ-ਸੀਮਾ ਅੰਦਰ ਪ੍ਰਵਾਨਗੀ ਹਿੱਤ ਭੇਜਣੇ ਯਕੀਨੀ ਬਣਾਏ ਜਾਣ।
4. ਯੂਨੀਵਰਸਿਟੀ ਵੱਲੋਂ ਕਿਸੇ ਵੀ ਕਲਾਸ ਦੇ ਵਿਸ਼ਿਆਂ ਵਿੱਚ ਕੀਤੀ ਕੋਈ ਵੀ ਤਬਦੀਲੀ ਨੋਟਿਸ ਬੋਰਡ ਅਤੇ ਕਾਲਜ ਵੈਬਸਾਈਟ ਉੱਤੇ ਲਗਾ ਦਿੱਤੀ ਜਾਵੇਗੀ, ਜਿਸ ਦੀ ਪਾਲਣਾ ਲਾਜ਼ਮੀ ਹੋਵੇਗੀ।
5. ਜਿਨ੍ਹਾਂ ਵਿਦਿਆਰਥੀਆਂ ਨੇ ਪ੍ਰੈਕਟੀਕਲ ਵਿਸ਼ਾ ਲਿਆ ਹੋਇਆ ਹੈ ਉਹਨਾਂ ਲਈ ਲਿਖਤੀ ਪੇਪਰ ਦੇ ਨਾਲ ਪ੍ਰੈਕਟੀਕਲ ਪੇਪਰ ਵੀ ਦੇਣਾ ਲਾਜ਼ਮੀ ਹੈ।

# ਫੀਸਾਂ ਅਤੇ ਫੰਡ

## ਕਾਲਜ ਫੰਡ (A)

| | | Semester-I | Semester-IIIrd & Vth |
|---|---|---|---|
| 1. | A.F | 96 | 96 |
| 2. | Lib. Sec. | 150 | 0 |
| 3. | House Exam Fund | 32 | 32 |
| 4. | Building Fund | 15 | 15 |
| 5. | I. Card | 10 | 10 |
| 6. | Health Fund | 10 | 10 |
| 7. | Red Cross | 42 | 42 |
| 8. | Cycle Fund | 100 | 100 |
| 9. | Campus Sports Fee | 10 | 10 |
| 10. | Magzine Fund | 20 | 20 |
| 11. | D.F. | 6 | 6 |
| 12. | Pb. College Ph.D.F | 75 | 75 |
| 13. | S.A.F. | 5 | 5 |
| 14. | Higher Edu. | 10 | 10 |
| 15. | Lib. D.F. | 150 | 150 |
| 16. | E-Governance | 150 | 150 |
| 17. | P.T.A. | 2000 | 2000 |
| 18. | Practical Fee- Science (per practical) (Physics 60/Chem.-60) | 60 | 60 |
| 19. | Practical Fee -Arts(per practical) (Home Sci/Geog./Fine Arts/ Music(V)/Comp.Sc | 84 | 84 |

## ਸਰਕਾਰੀ ਫੀਸਾਂ (B)

| | | Semester-I | Semester-IIIrd & Vth |
|---|---|---|---|
| 1. | Adm. Fee | 10 | 10 |
| 2. | Tution Fee | 144(Only for boys) | 144 (Only for boys) |

## ਯੂਨੀਵਰਸਿਟੀ ਫੀਸਾਂ (C)

| | | Semester-I | Semester-IIIrd & Vth |
|---|---|---|---|
| 1. | Registration Fee | 880 | |
| 2. | Continuation Fee | | 330 |
| 3. | Pb. State Sports Council Fee | 30 | 30 |
| 4. | Sports Fee | 550 | 550 |
| 5. | College Development Fund | 140 | 140 |
| 6. | Youth Welfare | 110 | 110 |
| 7. | Infrastructure Fund | 110 | 110 |

| | | | |
|---|---|---|---|
| 8. | N.S.S. | 90 | 90 |
| 9. | Verification Fee | 880 | |
| 10. | Migration Fee | 170 | |
| 11. | Block Entry Fee | 60 | 60 |
| 12. | Punjabi Language Dev. Fund | 90 | 90 |
| 13. | Sports Hostel Fee | 220 | 220 |
| 14. | Sports Inf. Dev. Fund | 220 | 220 |
| 15. | Sports Wing Fee | 110 | 110 |
| 16. | Examination Form | 240 | 240 |
| 17. | Examination Fee (Odd & Even) | 3200 | 3200 |
| 18. | Exam. Practical Fee (Odd & Even) | 1220 | 1220 |
| 19. | Holiday Home Fee | 0 | 0 |
| 20. | Processing Fee (UG) Gen | 170 | |
| 21. | Processing Fee (UG) SC | 110 | |

## ਸਵੈ–ਵਿੱਤੀ ਕੋਰਸਾਂ ਦੀ ਫੀਸ ਦਾ ਵੇਰਵਾ

### ਬੀ.ਸੀ.ਏ. ਆਨਰਜ਼

**ਸਮੈਸਟਰ ਪਹਿਲਾ 27900/-**
**ਸਮੈਸਟਰ ਤੀਜਾ 26600/-**
**ਸਮੈਸਟਰ ਪੰਜਵਾਂ 26600/-**

### ਬੀ.ਬੀ.ਏ. ਆਨਰਜ਼

**ਸਮੈਸਟਰ ਪਹਿਲਾ 39370/-**
**ਸਮੈਸਟਰ ਤੀਜਾ 37370/-**

### ਬੀ.ਕਾਮ (ਆਨਰਜ਼)

**ਸਮੈਸਟਰ ਪਹਿਲਾ 26300/-**
**ਸਮੈਸਟਰ ਤੀਜਾ 21500/-**
**ਸਮੈਸਟਰ ਪੰਜਵਾਂ 21500/-**

### ਬੀ.ਏ. (ਅਸਥੈਟਿਕ ਐਂਡ ਬਿਊਟੀ ਥੈਰੇਪੀ)

**ਸਮੈਸਟਰ ਪਹਿਲਾ 39370/-**
**ਸਮੈਸਟਰ ਤੀਜਾ 37370/-**

### ਐੱਮ.ਕਾਮ

**ਸਮੈਸਟਰ ਪਹਿਲਾ 25000/-**
**ਸਮੈਸਟਰ ਤੀਜਾ 23000/-**

## ਵੈਲਿਊ ਐਡਡ ਕੋਰਸਜ਼ ਦੀ ਫੀਸ ਦਾ ਵੇਰਵਾ

(ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਕੋਰਸਾਂ ਦੀ ਫੀਸ ਦਾ ਵੇਰਵਾ)

**ਸਰਟੀਫਿਕੇਟ ਕੋਰਸ** 1) **ਆਈ ਟੀ ਇਨੇਬਲ ਸਰਵਿਸਜ਼** 2) **ਸਰਟੀਫਿਕੇਟ ਕੋਰਸਜ਼ ਇਕ ਕ੍ਰਿਏਟਿਵ ਰਾਈਟਿੰਗ ਐਂਡ ਕੌਨਟੈਂਟ ਡਿਵੈਲਪਮੈਂਟ ਕੋਰਸ ਦੀ ਕੁੱਲ ਫੀਸ** – 2380/–

## ਜ਼ਰੂਰੀ ਨੋਟ

1 ਵਿਦਿਆਰਥਣਾਂ ਤੋਂ ਕੋਈ ਟਿਊਸ਼ਨ ਫੀਸ ਨਹੀਂ ਲਈ ਜਾਂਦੀ ਪਰ ਉਹਨਾਂ ਨੂੰ ਦੂਜੇ ਖਰਚੇ, ਪ੍ਰਸ਼ਾਸਕੀ ਫੰਡ ਅਤੇ ਫੀਸਾਂ ਅਤੇ ਯੂਨੀਵਰਸਿਟੀ ਫੀਸ ਦੇਣੀ ਹੋਵੇਗੀ।

2 ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ/ਕਾਲਜ ਪ੍ਰਸ਼ਾਸਨ ਵੱਲੋਂ ਕਿਸੇ ਵੀ ਸਮੇਂ ਉਪਰੋਕਤ ਦਰਾਂ ਵਿੱਚ ਸੋਧ ਕੀਤੀ ਜਾ ਸਕਦੀ ਹੈ।

## ਫੀਸ ਭਰਨ ਦੀ ਵਿਧੀ

ਸਾਰੀਆਂ ਕਲਾਸਾਂ ਦੀ ਫੀਸ ਆਨ ਲਾਈਨ ਵਿਧੀ ਰਾਹੀਂ ਭਰੀ ਜਾਵੇਗੀ। ਇਸ ਸਬੰਧੀ ਵਿਸਥਾਰਤ ਜਾਣਕਾਰੀ ਵਿਦਿਆਰਥੀ ਕਾਲਜ ਦੀ ਵੈਬਸਾਈਟ www.gcderabassi.ac.in ਤੋਂ ਪ੍ਰਾਪਤ ਕਰ ਸਕਦੇ ਹਨ।

## ਫੀਸ ਮੁਆਫੀ

1. ਕਾਲਜ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਭੈਣ/ਭਰਾ ਵਿੱਚੋਂ ਇੱਕ ਦਾ ਪੂਰਾ ਪੀ.ਟੀ.ਏ. ਫੰਡ ਮਾਫ ਕੀਤਾ ਜਾਵੇਗਾ। ਅਜਿਹਾ ਵੱਡੀ ਕਲਾਸ ਵਿੱਚ ਪੜ੍ਹਦੇ ਭਰਾ/ਭੈਣ ਦੁਆਰਾ ਪੂਰੀ ਫੀਸ ਅਤੇ ਪੂਰਾ ਪੀ.ਟੀ.ਏ. ਫੰਡ ਅਦਾ ਕਰਨ ਦੀ ਸੂਰਤ ਵਿੱਚ ਕੀਤਾ ਜਾਵੇਗਾ।

# ਵਜ਼ੀਫੇ ਅਤੇ ਐਵਾਰਡ

## ਪੋਸਟ ਮੈਟ੍ਰਿਕ ਸਕਾਲਰਸ਼ਿਪ

### ਐਸ.ਸੀ./ਓ.ਬੀ.ਸੀ./ਈ.ਬੀ.ਸੀ.ਵਿਦਿਆਰਥੀਆਂ ਲਈ ਨਿਰਧਾਰਿਤ ਸ਼ਰਤਾਂ

ਇਸ ਕਾਲਜ ਵਿੱਚ ਦਾਖਲਾ ਲੈਣ ਵਾਲੇ ਐਸ.ਸੀ.,ਓ.ਬੀ.ਸੀ. ਅਤੇ ਈ.ਬੀ.ਸੀ. ਵਿਦਿਆਰਥੀ, ਜਿਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ ਸਕਾਲਰਸ਼ਿਪ ਅਧੀਨ ਅਪਲਾਈ ਕਰਨਾ ਹੈ ਉਹਨਾਂ ਲਈ ਹੇਠ ਲਿਖੇ ਦਸਤਾਵੇਜ਼/ਸਰਟੀਫਿਕੇਟਾਂ ਦੀ ਫੋਟੋਕਾਪੀਆਂ ਦਾਖਲੇ ਸਮੇਂ ਜ਼ਰੂਰੀ ਹਨ ਅਤੇ ਦਾਖਲੇ ਦੇ ਸਮੇਂ ਸਾਰੇ ਦਸਤਾਵੇਜ਼ ਪੂਰੇ ਕਰਕੇ ਦੋ ਪਰਤਾਂ ਵਿੱਚ ਲਿਆਉਣ ਤੇ ਵਜੀਫਾ ਕਮੇਟੀ ਨੂੰ ਪੇਸ਼ ਕਰਨ।

ਐਸ.ਸੀ.ਵਿਦਿਆਰਥੀ ਜਿਨ੍ਹਾਂ ਦੇ ਘਰ ਦੀ ਸਾਲਾਨਾ ਆਮਦਨ ਦੋ ਲੱਖ ਪੰਜਾਹ ਹਜ਼ਾਰ ਰੁਪਏ ਤੋਂ ਘੱਟ ਹੈ। ਉਹ ਵਿਦਿਆਰਥੀ ਹੀ ਇਹ ਫਾਰਮ ਭਰ ਸਕਦਾ ਹੈ।

ਬੀ.ਸੀ. ਵਿਦਿਆਰਥੀ ਜਿਨ੍ਹਾਂ ਦੇ ਘਰ ਦੀ ਸਾਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਘੱਟ ਹੈ। ਉਹ ਵਿਦਿਆਰਥੀ ਹੀ ਇਹ ਫਾਰਮ ਭਰ ਸਕਦਾ ਹੈ।

ਜਰਨਲ ਕੈਟਾਗਰੀ ਦੇ ਵਿਦਿਆਰਥੀ (ਈ.ਬੀ.ਸੀ.) ਜਿਨ੍ਹਾਂ ਦੇ ਘਰ ਦੀ ਸਾਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਘੱਟ ਹੈ ਉਹ ਸਰਕਾਰ ਦੇ ਈ.ਬੀ.ਸੀ. ਸਕਾਲਰਸ਼ਿਪ ਪੋਰਟਲ ਤੇ ਅਪਲਾਈ ਕਰ ਸਕਦੇ ਹਨ।

1. ਆਮਦਨ ਦਾ ਸਰਟੀਫਿਕੇਟ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਹੋਵੇ ਜੇਕਰ ਘਰ ਵਿੱਚ ਪਿਤਾ ਦੀ ਮੌਤ ਹੋ ਗਈ ਹੋਵੇ ਤਾਂ ਪਿਤਾ ਦਾ ਡੈਥ ਸਰਟੀਫਿਕੇਟ ਅਤੇ ਮਾਤਾ ਵੱਲੋਂ ਆਮਦਨ ਸਰਟੀਫਿਕੇਟ ਜ਼ਰੂਰੀ ਹੋਵੇਗਾ। ਆਮਦਨ ਸਰਟੀਫਿਕੇਟ ਅਸਲ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ ਅਤੇ ਇਸ ਵਿੱਚ ਕੋਈ ਵੀ ਕਟਿੰਗ ਨਹੀਂ ਹੋਣੀ ਚਾਹੀਦੀ। ਉਥੇ ਕਮਿਸ਼ਨਰ ਜਾਂ ਨੌਟਰੀ ਤੋਂ ਵੈਰੀਫਾਈ ਐਫਿਡੇਵਿਟ ਨਹੀਂ ਚੱਲੇਗਾ। ਜੇ ਅਸਲ ਸਰਟੀਫਿਕੇਟ ਨਹੀਂ ਤਿਆਰ ਹੋਇਆ ਤਾਂ ਅਪਲਾਈ ਕਰਨ ਦੀ ਅਸਲ ਸਲਿਪ ਪੇਸ਼ ਕਰਨੀ ਜ਼ਰੂਰੀ ਹੈ।
2. ਅਨੁਸੂਚਿਤ ਜਾਤੀ ਜਾਂ ਪਛੜੀਆਂ ਸ਼੍ਰੇਣੀਆਂ ਸਬੰਧੀ ਸਰਟੀਫਿਕੇਟ ਸਮਰੱਥ ਅਧਿਕਾਰੀ ਤੇ ਕੇਵਲ ਪੰਜਾਬ ਸਰਕਾਰ ਵੱਲੋਂ ਜਾਰੀ ਹੋਵੇ।
3. ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਰਟੀਫਿਕੇਟ (ਰੈਜ਼ੀਡੈਂਸ ਸਰਟੀਫਿਕੇਟ)
4. ਵਿਦਿਆਰਥੀ ਦੇ ਬੈਂਕ ਪਾਸ ਬੁੱਕ ਦੀ ਫੋਟੋਕਾਪੀ ਜਿਸ ਵਿੱਚ ਖਾਤਾ ਨੰਬਰ ਅਤੇ ਬੈਂਕ ਦਾ ਆਈ.ਐਫ.ਸੀ. ਕੋਡ ਹੋਵੇ, ਵੀ ਨਾਲ ਨੱਥੀ ਹੋਵੇ। ਖਾਤਾ ਕਿਸੇ ਨਾਲ Joint ਨਾ ਹੋਵੇ।
5. ਵਿਦਿਆਰਥੀ ਦੇ ਆਧਾਰ ਕਾਰਡ ਅਤੇ ਉਸ ਦੇ ਮਾਤਾ-ਪਿਤਾ ਦੇ ਆਧਾਰ ਕਾਰਡ ਦੀ ਫੋਟੋਕਾਪੀ।
6. ਵਿਦਿਆਰਥੀ ਦੀ ਦਸਵੀਂ ਦੀ ਡੀ.ਐਮ.ਸੀ. ਦੀ ਫੋਟੋਕਾਪੀ।
7. ਵਿਦਿਆਰਥੀ ਦੀ 10+2 ਦੀ ਡੀ.ਐਮ.ਸੀ. ਦੀ ਫੋਟੋਕਾਪੀ।

ਫੀਸ ਕੇਵਲ ਉਸ ਐਸ.ਸੀ.ਵਿਦਿਆਰਥੀ ਦੀ ਮਾਫ ਹੋਵੇਗੀ ਜੋ ਬਾਅਦ ਵਿੱਚ ਪੰਜਾਬ ਸਰਕਾਰ ਵੱਲੋਂ ਖੋਲੇ ਗਏ ਪੋਰਟਲ ਤੇ ਆਨਲਾਈਨ ਅਪਲਾਈ ਕਰੇਗਾ ਅਤੇ ਉਸ ਤੋਂ ਬਾਅਦ ਨਿਕਲਣ ਵਾਲੀ ਨਿਰਧਾਰਤ ਅੰਡਰਟੇਕਿੰਗ ਤੇ ਵਿਦਿਆਰਥੀ ਵੱਲੋਂ ਹਸਤਾਖਰ ਕਰਕੇ ਸਾਰਾ ਕੇਸ ਦੋ ਪਰਤਾਂ ਵਿੱਚ ਕਾਲਜ ਵਿਖੇ ਜਮ੍ਹਾਂ ਕਰਵਾਏਗਾ। ਜੋ ਵਿਦਿਆਰਥੀ ਇਹ ਆਨਲਾਈਨ ਅਪਲਾਈ ਨਹੀਂ ਕਰੇਗਾ ਉਸ ਤੋਂ ਪੂਰੀ ਫੀਸ ਜਮ੍ਹਾਂ ਕਰਵਾਈ ਜਾਵੇਗੀ।

## ਸੈਂਟਰਲ ਸੈਕਟਰ ਸਕਾਲਰਸ਼ਿਪ

ਸੈਂਟਰਲ ਸੈਕਟਰ ਸਕਾਲਰਸ਼ਿਪ, ਘੱਟਗਿਣਤੀ ਵਰਗ (ਸਿੱਖ, ਇਸਾਈ, ਬੋਧੀ, ਪਾਰਸੀ, ਮੁਸਲਿਮ, ਜੈਨੀ) ਅਤੇ ਡਿਸ-ਐਬਿਲਟੀ ਵਿਦਿਆਰਥੀਆਂ ਦੀ ਸਕਾਲਰਸ਼ਿਪ ਸਕੀਮ ਤਹਿਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਬੰਧੀ ਵਿਦਿਆਰਥੀ www.scholarships.gov.in ਤੇ ਆਨ-ਲਾਈਨ ਅਪਲਾਈ ਕਰ ਸਕਦੇ ਹਨ।

| ਸਕਾਲਰਸ਼ਿਪ ਦਾ ਨਾਮ | ਯੋਗਤਾ | ਮਾਤਾ-ਪਿਤਾ ਦੀ ਸਲਾਨਾ ਆਮਦਨ |
|---|---|---|
| ਪੋਸਟ ਮੈਟ੍ਰਿਕ ਸਕਾਲਰਸ਼ਿਪ ਘੱਟ ਗਿਣਤੀ ਵਰਗ | 1) ਪਿਛਲੀ ਕਲਾਸ ਵਿੱਚ 50% ਜਾਂ ਉਸ ਤੋਂ ਵੱਧ ਅੰਕ<br>2) 75% ਹਾਜ਼ਰੀ<br>3) ਵਿਦਿਆਰਥੀ ਕੋਈ ਹੋਰ ਵਜ਼ੀਫਾ ਨਾ ਲੈ ਰਿਹਾ ਹੋਵੇ। | ੳ) 2 ਲੱਖ ਤੋਂ ਘੱਟ ਆਮਦਨ<br>ਅ) ਮਾਤਾ-ਪਿਤਾ ਵੱਲੋਂ ਆਮਦਨ ਸਰਟੀਫਿਕੇਟ ਤਹਿਸੀਲਦਾਰ ਵੱਲੋਂ ਜਾਰੀ ਕੀਤਾ ਹੋਵੇ। |

| | | |
|---|---|---|
| ਸੈਂਟਰਲ ਸਕਾਲਰਸ਼ਿਪ (ਮੈਰਿਟ ਸਕੀਮ) | 1) 10+2 ਵਿੱਚ 78% ਤੋਂ ਵੱਧ ਅੰਕ<br>2) 75% ਹਾਜ਼ਰੀ<br>3) ਵਿਦਿਆਰਥੀ ਕੋਈ ਹੋਰ ਵਜ਼ੀਫਾ ਨਾ ਲੈ ਰਿਹਾ ਹੋਵੇ। | ੳ) 8 ਲੱਖ ਤੋਂ ਘੱਟ ਆਮਦਨ<br>ਅ) ਮਾਤਾ-ਪਿਤਾ ਵੱਲੋਂ ਆਮਦਨ ਸਰਟੀਫਿਕੇਟ ਤਹਿਸੀਲਦਾਰ ਵੱਲੋਂ ਜਾਰੀ ਕੀਤਾ ਹੋਵੇ। |
| ਡਿਸ-ਅਬਿਲਟੀ ਵਿਦਿਆਰਥੀਆਂ ਦੀ ਸਕਾਲਰਸ਼ਿਪ ਸਕੀਮ | ਵਿਦਿਆਰਥੀ ਦੀ ਡਿਸ-ਅਬਿਲਟੀ 10% ਜਾਂ ਇਸ ਤੋਂ ਵੱਧ ਹੋਵੇ। | ੳ) 8 ਲੱਖ ਤੋਂ ਘੱਟ ਆਮਦਨ<br>ਅ) ਮਾਤਾ-ਪਿਤਾ ਵੱਲੋਂ ਆਮਦਨ ਸਰਟੀਫਿਕੇਟ ਤਹਿਸੀਲਦਾਰ ਵੱਲੋਂ ਜਾਰੀ ਕੀਤਾ ਹੋਵੇ। |

ਵਿਦਿਆਰਥੀਆਂ ਵੱਲੋਂ ਹਾਰਡ ਕਾਪੀ ਨਾਲ ਲਗਾਏ ਜਾਣ ਵਾਲੇ ਦਸਤਾਵੇਜ਼ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ

1) ਫਾਇਲ ਕਵਰ (ਵਿਦਿਆਰਥੀ ਦਾ ਨਾਂ, ਪਤਾ, ਸੈਸ਼ਨ, ਕਾਲਜ ਵੱਲੋਂ ਜਾਰੀ ਰੋਲ ਨੰਬਰ, ਪਾਸਪੋਰਟ ਸਾਇਜ਼ ਫੋਟੋ ਲੱਗੀ ਹੋਵੇ।
2) ਅਪਲਾਈ ਕਰਨ ਉਪਰੰਤ ਐਪਲੀਕੇਸ਼ਨ ਫਾਰਮ ਤੇ ਵਿਦਿਆਰਥੀ ਦੇ ਹਸਤਾਖਰ ਸਮੇਤ।
3) ਘੱਟ ਗਿਣਤੀ ਵਰਗ ਸਬੰਧੀ ਵਿਦਿਆਰਥੀ ਵੱਲੋਂ ਸਵੈ-ਘੋਸ਼ਣਾ ਫਾਰਮ।
4) ਵਿਦਿਆਰਥੀ ਵੱਲੋਂ ਮਾਪੇ/ਸ੍ਰਪਸਤ ਦੀ ਆਮਦਨ ਸਬੰਧੀ ਸਵੈ-ਘੋਸ਼ਣਾ ਫਾਰਮ।
5) ਕਾਲਜ ਫੀਸ ਦੀ ਰਸੀਦ
6) ਮੈਟ੍ਰਿਕ ਦਾ ਸਰਟੀਫਿਕੇਟ
7) ਪਿਛਲੀ ਕਲਾਸ ਦਾ ਸਰਟੀਫਿਕੇਟ
8) ਵਿਦਿਆਰਥੀ ਦਾ ਆਧਾਰ ਕਾਰਡ (ਫੋਟੋਕਾਪੀ)
9) ਪੰਜਾਬ ਰਿਹਾਇਸ਼ ਸਰਟੀਫਿਕੇਟ
10) ਬੈਂਕ ਖਾਤੇ ਦੀ ਫੋਟੋਕਾਪੀ ਸਮੇਤ ਆਈ.ਐਫ.ਐਸ.ਸੀ.ਕੋਡ
11) ਮਾਤਾ -ਪਿਤਾ ਵੱਲੋਂ ਆਮਦਨ ਸਰਟੀਫਿਕੇਟ ਤਹਿਸੀਲਦਾਰ ਵੱਲੋਂ ਜਾਰੀ ਕੀਤਾ ਹੋਵੇ।
12) ਜਾਤੀ ਸਰਟੀਫਿਕੇਟ
13) ਡਿਸ-ਐਬਿਲਟੀ ਸਰਟੀਫਿਕੇਟ

ਪੁਰਾਣੇ ਵਿਦਿਆਰਥੀ ਆਪਣੇ ਪੁਰਾਣੇ ਯੂਜ਼ਰ ਆਈ.ਡੀ.ਪਾਸਵਰਡ ਦਾ ਆਨ-ਲਾਇਨ ਅਪਲਾਈ ਕਰਨ ਵੇਲੇ ਇਸਤੇਮਾਲ ਕਰਨ।

ਨੋਟ: ਵਜੀਫਿਆਂ ਸਬੰਧੀ ਸਮੇਂ ਸਮੇਂ ਤੇ ਸਰਕਾਰੀ ਨਿਯਮਾਂ ਵਿਚਲੀ ਤਬਦੀਲੀ ਇੰਨ ਬਿੰਨ ਲਾਗੂ ਹੋਵੇਗੀ।

## Pernod Ricardo India Foundation Scholarship 2021-22

ਇਹ ਵਜੀਫਾ ਉਹਨਾਂ ਵਿਦਿਆਰਥੀਆਂ ਲਈ ਹੈ ਜੋ 10+2 ਤੋਂ ਬਾਅਦ ਉਚੇਰੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਨਿਯਮਤ ਕੋਰਸ ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਇਸ ਵਜੀਫੇ ਦੇ ਯੋਗ ਹੋਣਗੇ। ਕਾਲਜ ਦੇ ਸਮੂਹ ਵਿਦਿਆਰਥੀ ਇਸ ਵਜ਼ੀਫ਼ੇ ਦੇ ਹੱਕਦਾਰ ਹੋ ਸਕਦੇ ਹਨ ਪਰ ਸਾਰੇ ਸਰੋਤਾਂ ਤੋਂ ਵਿਦਿਆਰਥੀ ਦੇ ਪਰਿਵਾਰ ਦੀ ਸਲਾਨਾ ਆਮਦਨ 2.50 ਲੱਖ ਤੋਂ ਵੱਧ ਨਹੀਂ ਹੋਣੀ ਚਾਹੀਦੀ।ਵਜੀਫਾ ਉੱਚ ਸਿੱਖਿਆ ਲਈ ਵਿਦਿਆਰਥੀ ਦੇ ਅਸਲ ਖਰਚੇ 'ਤੇ ਨਿਰਭਰ ਕਰਦਾ ਹੈ। ਇਸ ਸਬੰਧੀ ਵਿਸਥਾਰਤ ਜਾਣਕਾਰੀ ਕਾਲਜ ਦੀ ਵੈਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## Government College Retired Teachers' Welfare Association (Punjab)

ਗੌਰਮਿੰਟ ਕਾਲਜ ਰਿਟਾਇਰਡ ਟੀਚਰਜ਼ ਵੈਲਫੇਅਰ ਐਸੋਸੀਏਸ਼ਨ (ਪੰਜਾਬ) ਵੱਲੋਂ ਕਾਲਜ ਦੇ ਮੈਰਿਟ ਉੱਪਰ ਆਉਣ ਵਾਲੇ ਆਰਥਿਕ ਪੱਖੋਂ ਲੋੜਵੰਦ ਵਿਦਿਆਰਥੀਆਂ ਨੂੰ ਪ੍ਰਤੀ ਸਾਲ 2500/- ਰੁਪਏ ਦੀ ਧੰਨ ਰਾਸ਼ੀ ਸਕਾਲਰਸ਼ਿਪ ਵਜੋਂ ਦਿੱਤੀ ਜਾਂਦੀ ਹੈ। ਜੇਕਰ ਵਿਦਿਆਰਥੀ ਕੋਈ ਹੋਰ ਸਕਾਲਰਸ਼ਿਪ ਨਹੀਂ ਲੈ ਰਿਹਾ, ਤਾਂ ਉਹ ਇਹ ਸਕਾਲਰਸ਼ਿਪ ਪ੍ਰਾਪਤ ਕਰ ਸਕਦਾ ਹੈ। ਯੋਗ ਵਿਦਿਆਰਥੀਆਂ ਦੀ ਚੋਣ ਐਸੋਸੀਏਸ਼ਨ ਵੱਲੋਂ ਖੁਦ ਕੀਤੀ ਜਾਂਦੀ ਹੈ।

# ਸਹਿ-ਪਾਠਕ੍ਰਮ ਸਰਗਰਮੀਆਂ

ਕਾਲਜ ਵਿੱਚ ਵਿਦਿਆਰਥੀਆਂ ਦੀ ਸ਼ਖਸੀਅਤ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਤੋਂ ਇਲਾਵਾ ਬਹੁਤ ਸਾਰੀਆਂ ਸਹਿ-ਪਾਠਕ੍ਰਮ ਸਰਗਰਮੀਆਂ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਬਹੁਤ ਸਾਰੇ ਕਲੱਬ ਅਤੇ ਵਿਸ਼ਾ ਸਭਾਵਾਂ, ਇਸ ਕਾਲਜ ਵਿੱਚ ਕੰਮ ਕਰਦੀਆਂ ਹਨ। ਇਹਨਾਂ ਵੱਲੋਂ ਵਿਦਿਅਕ ਅਤੇ ਸਭਿਆਚਾਰਕ ਕਾਰਜ, ਜਿਵੇਂ ਨਾਟਕ, ਕਾਵਿ- ਉਚਾਰਣ, ਸੰਗੀਤ, ਵਾਦ-ਵਿਵਾਦ, ਭਾਸ਼ਣ ਪ੍ਰਤੀਯੋਗਤਾ, ਪੇਪਰ ਪੜ੍ਹਨ, ਪੇਂਟਿੰਗ ਆਦਿ ਮੁਕਾਬਲੇ ਕਰਵਾਏ ਜਾਂਦੇ ਹਨ। ਅੰਤਰ ਕਾਲਜ ਪ੍ਰਤਿਯੋਗਤਾ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਵਿਦਿਆਰਥੀ ਦੂਸਰੇ ਕਾਲਜਾਂ ਵਿੱਚ ਅਜਿਹੀਆਂ ਪ੍ਰਤੀਯੋਗਤਾਵਾਂ ਵਿੱਚ ਭਾਗ ਲੈਣ ਲਈ ਭੇਜੇ ਜਾਂਦੇ ਹਨ। ਯੂਨੀਵਰਸਿਟੀ ਯੁਵਕ ਮੇਲਿਆਂ ਵਿੱਚ ਹਰ ਸਾਲ ਸਾਡਾ. ਕਾਲਜ ਭਾਗ ਲੈਂਦਾ ਹੈ ਅਤੇ ਚੰਗੀਆਂ ਪ੍ਰਾਪਤੀਆਂ ਕਰਦਾ ਹੈ।

# ਲਾਇਬ੍ਰੇਰੀ ਅਤੇ ਇਸਦੇ ਨਿਯਮ

ਕਾਲਜ ਲਾਇਬ੍ਰੇਰੀ ਵਿੱਚ 18000 ਤੋਂ ਵੱਧ ਪੁਸਤਕਾਂ ਹਨ ਪੁਸਤਕਾਂ ਕੇਵਲ ਸਟਾਫ ਮੈਂਬਰਾਂ ਅਤੇ ਰੈਗੂਲਰ ਵਿਦਿਆਰਥੀਆਂ ਨੂੰ ਹੀ ਜਾਰੀ ਕੀਤੀਆਂ ਜਾਂਦੀਆਂ ਹਨ। ਕਿਸੇ ਨੂੰ ਵੀ ਲਾਇਬ੍ਰੇਰੀ ਤੋਂ ਪੁਸਤਕਾਂ ਕਢਵਾ ਕੇ ਅੱਗੇ ਕਿਸੇ ਹੋਰ ਨੂੰ ਦੇਣ ਦੀ ਆਗਿਆ ਨਹੀਂ ਹੈ।

ਲਾਇਬ੍ਰੇਰੀ ਦੇ ਕੁਝ ਹੇਠ ਲਿਖੇ ਨਿਯਮ:-

1. ਲਾਇਬ੍ਰੇਰੀ ਕਾਲਜ ਦੇ ਸਾਰੇ ਕੰਮ ਵਾਲੇ ਦਿਨਾਂ ਵਿੱਚ ਕਾਲਜ ਦੇ ਸਮੇਂ ਅਨੁਸਾਰ ਖੁੱਲ੍ਹੀ ਰਹੇਗੀ, ਪਰ ਪੁਸਤਕਾਂ ਕਢਵਾਉਣ ਅਤੇ ਵਾਪਸ ਕਰਨ ਦਾ ਸਮਾਂ ਅਤੇ ਦਿਨ ਸੰਸਥਾਂ ਵੱਲੋਂ ਨਿਸ਼ਚਤ ਕੀਤਾ ਜਾਵੇਗਾ।
2. ਇੱਕ ਵਿਦਿਆਰਥੀ ਦੋ ਹਫਤਿਆਂ ਲਈ ਇਕੋਂ ਸਮੇਂ ਤਿੰਨ ਪੁਸਤਕਾਂ ਆਪਣੇ ਨਾਂ ਉੱਤੇ ਲੈ ਸਕਦਾ ਹੈ।
3. 14 ਦਿਨਾਂ ਦੇ ਬਾਅਦ ਪੁਸਤਕ/ਪੁਸਤਕਾਂ ਵਾਪਸ ਕਰਨ ਤੇ ਹਰੇਕ ਵਿਦਿਆਰਥੀ ਤੋਂ ਨਿਯਮਾਂ ਅਨੁਸਾਰ ਪ੍ਰਤੀ ਪੁਸਤਕ ਪ੍ਰਤੀ ਰੋਜ਼ ਦੇ ਹਿਸਾਬ ਨਾਲ ਜ਼ੁਰਮਾਨਾ ਲਿਆ ਜਾਵੇਗਾ। ਪ੍ਰੰਤੂ ਪੱਤਝੜ੍ਹ ਅਤੇ ਸਰਦੀਆਂ ਦੀਆਂ ਛੁੱਟੀਆਂ ਵਿੱਚ ਕਿਤਾਬਾਂ, ਕਾਲਜ ਖੁੱਲ੍ਹਣ ਤੇ ਵਾਪਸ ਕੀਤੀਆਂ ਜਾ ਸਕਦੀਆਂ ਹਨ।
4. ਕਢਵਾਈ ਗਈ ਪੁਸਤਕ ਜੇਕਰ ਕਿਸੇ ਹੋਰ ਨੂੰ ਨਹੀਂ ਚਾਹੀਦੀ ਤਾਂ ਦੁਬਾਰਾ ਕਢਵਾਈ ਜਾ ਸਕਦੀ ਹੈ।
5. ਪੁਸਤਕ ਗੁੰਮ ਹੋ ਜਾਣ ਤੇ ਵਿਦਿਆਰਥੀ ਨੂੰ ਉਸਦੀ ਨਵੀਂ ਕੀਮਤ, 1/3 ਵਾਧੇ ਸਮੇਤ, ਭਰਨੀ ਪਵੇਗੀ।
6. ਰੈਫਰੈਂਸ ਬੁਕ/ਸਿਲੇਬਸ ਅਤੇ ਮੈਗਜ਼ੀਨ ਲਾਇਬ੍ਰੇਰੀ ਵਿੱਚ ਆਪਣੇ ਸ਼ਨਾਖਤੀ ਕਾਰਡ ਜਮ੍ਹਾਂ ਕਰਵਾ ਕੇ ਉਥੇ ਹੀ ਬੈਠ ਕੇ ਪੜ੍ਹਨ ਲਈ ਮਿਲ ਸਕਦੇ ਹਨ।

## ਸ਼ਨਾਖਤੀ ਕਾਰਡ

ਕਾਲਜ ਵਿੱਚ ਦਾਖਲਾ ਲੈਣ ਤੋਂ ਬਾਅਦ ਹਰੇਕ ਵਿਦਿਆਰਥੀ ਦਾ ਫਰਜ਼ ਹੈ ਕਿ ਉਹ ਲਾਇਬ੍ਰੇਰੀ ਤੋਂ ਆਪਣਾ ਸ਼ਨਾਖਤੀ ਕਾਰਡ ਛੇਤੀ ਪ੍ਰਾਪਤ ਕਰੇ। ਉਸਨੂੰ ਹਰ ਸਮੇਂ ਕਾਲਜ ਕੈਂਪਸ ਵਿੱਚ ਆਪਣੇ ਪਾਸ ਰੱਖੇ ਤਾਂ ਜੋ ਕਾਲਜ ਅਧਿਕਾਰੀਆਂ ਨੂੰ ਮੰਗਣ ਤੇ ਵਿਖਾਇਆ ਜਾ ਸਕੇ। ਗੁੰਮ ਹੋ ਜਾਣ ਤੇ ਡੁਪਲੀਕੇਟ ਸ਼ਨਾਖਤੀ ਕਾਰਡ ਨਿਸ਼ਚਿਤ ਫੀਸ ਜਮ੍ਹਾਂ ਕਰਵਾਉਣ ਤੇ ਹੀ ਜਾਰੀ ਹੋਵੇਗਾ।

## ਬੁੱਕ ਬੈਂਕ

ਕਾਲਜ ਵਿਖੇ ਲਾਇਬ੍ਰੇਰੀ ਵਿੱਚ ਬੁੱਕ ਬੈਂਕ ਚੱਲ ਰਿਹਾ ਹੈ। ਲੋੜਵੰਦ, ਗਰੀਬ ਵਿਦਿਆਰਥੀ ਪੂਰੇ ਸਾਲ ਲਈ ਬੁੱਕ ਬੈਂਕ ਵਿੱਚੋਂ ਪੁਸਤਕਾਂ ਕਢਵਾ ਸਕਦੇ ਹਨ। ਪੇਪਰਾਂ ਉਪਰੰਤ ਪੁਸਤਕਾਂ ਵਾਪਸ ਕਰਨਾ ਜ਼ਰੂਰੀ ਹੈ।

# ਵਿਭਿੰਨ ਕਲੱਬ, ਸੁਸਾਇਟੀਆਂ ਅਤੇ ਸਭਾਵਾਂ

## ਪੀ.ਟੀ.ਏ. (ਮਾਪੇ – ਅਧਿਆਪਕ ਸੰਸਥਾ)

ਵਿਦਿਆਰਥੀਆਂ ਦੀ ਭਲਾਈ ਲਈ ਵੱਖ-ਵੱਖ ਕਦਮ ਚੁੱਕਣ ਹਿੱਤ, ਸਰਕਾਰ ਵੱਲੋਂ ਨਿਰਧਾਰਤ ਸੰਵਿਧਾਨ ਮੁਤਾਬਕ ਹਰ ਸਾਲ ਪੀ.ਟੀ.ਏ. ਬਣਾਈ ਜਾਂਦੀ ਹੈ। ਇਸ ਸੰਸਥਾਂ 'ਚ ਕੇਵਲ ਵਿਦਿਆਰਥੀਆਂ ਦੇ ਮਾਤਾ-ਪਿਤਾ ਤੇ ਅਧਿਆਪਕ ਹੀ ਮੈਂਬਰ ਬਣ ਸਕਦੇ ਹਨ। ਹਰ ਸੈਸ਼ਨ ਦੇ ਸ਼ੁਰੂ ਵਿੱਚ ਇਸ ਸੰਸਥਾਂ ਦੀ ਜਨਰਲ ਬਾਡੀ ਦੀ ਮੀਟਿੰਗ ਕਰਕੇ ਕਾਰਜਕਾਰੀ ਕਮੇਟੀ ਦੀ ਚੋਣ ਕੀਤੀ ਜਾਂਦੀ ਹੈ। ਇਹ ਕਮੇਟੀ ਸਾਰਾ ਸਾਲ ਵਿਦਿਆਰਥੀ ਭਲਾਈ ਹਿੱਤ ਸਰਬਸੰਮਤੀ ਨਾਲ ਭਿੰਨ-ਭਿੰਨ ਫੈਸਲੇ ਲੈਂਦੀ ਹੈ। ਇਸ ਫੰਡ ਵਿੱਚੋਂ ਸਾਰਾ ਖਰਚਾ ਇਸ ਕਮੇਟੀ ਦੀ ਪ੍ਰਵਾਨਗੀ ਨਾਲ ਕੀਤਾ ਜਾਂਦਾ ਹੈ ਅਤੇ ਸੈਸ਼ਨ ਖਤਮ ਹੋਣ ਤੇ ਲੇਖਾ ਰਜਿਸਟਰਡ ਚਾਰਟਰਡ ਅਕਾਊਂਟੈਂਟ ਤੋਂ ਆਡਿਟ ਰਕਵਾਇਆ ਜਾਂਦਾ ਹੈ। ਇਸ ਸਬੰਧੀ ਸਰਕਾਰ ਨੂੰ ਰਿਪੋਰਟ ਭੇਜੀ ਜਾਂਦੀ ਹੈ। ਕਾਲਜ ਅਤੇ ਵਿਦਿਆਰਥੀਆਂ ਦੇ ਵਿਕਾਸ ਵਿੱਚ ਪੀ.ਟੀ.ਏ. ਹਰ ਸਾਲ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ।

## ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ (ਐਚ.ਈ.ਆਈ.ਐਸ)

ਇਹ ਇਕ ਰਜਿਸਟਰਡ ਸੋਸਾਇਟੀ ਹੈ। ਇਸ ਅਧੀਨ ਵੱਖ-ਵੱਖ ਸਵੈ ਵਿੱਤੀ ਕੋਰਸ ਜਿਵੇਂ ਕਿ ਬੀ.ਕਾਮ. ਆਨਰਜ਼ ਅਤੇ ਬੀ.ਸੀ.ਏ. ਆਦਿ ਚਲਾਏ ਜਾ ਰਹੇ ਹਨ।

## ਰੋਜ਼ਗਾਰ ਸੂਚਨਾ ਅਤੇ ਗਾਈਡੈਂਸ ਕੇਂਦਰ

ਕਾਲਜ ਵਿਖੇ ਰੋਜ਼ਗਾਰ ਜਾਂ ਕਿੱਤਾ ਸੂਚਨਾ ਅਤੇ ਗਾਈਡੈਂਸ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ। ਵੱਖ-ਵੱਖ ਕਿੱਤਿਆਂ ਵਾਸਤੇ ਪੜ੍ਹਨ ਲਈ ਲੋੜੀਦੀ ਸਮਗਰੀ ਅਤੇ ਅਗਵਾਈ ਦਿੱਤੀ ਜਾਂਦੀ ਹੈ । ਇਸ ਸਬੰਧ ਵਿੱਚ ਕੁੱਝ ਲੈਕਚਰ ਵੀ ਕਰਵਾਏ ਜਾਂਦੇ ਹਨ।

## ਯੁਵਕ ਸੇਵਾਵਾਂ ਕਲੱਬ ਅਤੇ ਰੈੱਡ ਰਿਬਨ ਕਲੱਬ

ਕਾਲਜ ਵਿੱਚ ਡਾਇਰੈਕਟਰ ਯੁਵਕ ਸੇਵਾਵਾਂ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ "ਯੁਵਕ ਸੇਵਾਵਾਂ ਕਲੱਬ" ਅਤੇ ਪੰਜਾਬ ਸਟੇਟ ਏਡਜ਼ ਸੁਸਾਇਟੀ ਅਤੇ ਯੁਵਕ ਸੇਵਾਵਾਂ ਵਿਭਾਗ, ਪੰਜਾਬ ਦੇ ਆਦੇਸ਼ ਅਨੁਸਾਰ "ਰੈੱਡ ਰਿਬਨ ਕਲੱਬ" ਬਣਾਏ ਗਏ ਹਨ।

## ਕਾਨੂੰਨੀ ਸੇਵਾਵਾਂ ਸਹਾਇਤਾ ਸੋਸਾਇਟੀ

ਕਾਨੂੰਨੀ ਸੇਵਾਵਾਂ ਸਹਾਇਤਾ ਅਥਾਰਟੀ ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਜਿਲ੍ਹਾ ਐਸ.ਏ.ਐਸ. ਨਗਰ ਦੇ ਨਿਰਦੇਸ਼ਾਂ ਅਨੁਸਾਰ ਕਾਲਜ ਵਿੱਚ ਇਹ ਸੋਸਾਇਟੀ ਬਣਾਈ ਜਾਂਦੀ ਹੈ। ਜੋ ਵਿਦਿਆਰਥੀਆਂ ਵਿੱਚ ਮੁਫ਼ਤ ਕਾਨੂੰਨੀ ਸੇਵਾਵਾਂ ਮੁਹੱਈਆ ਕਰਵਾਉਣ ਬਾਰੇ ਚੇਤਨਤਾ ਪੈਦਾ ਕਰਨ ਦੀ ਕੋਸ਼ਿਸ਼ ਕਰਦੀ ਹੈ।

## ਐਨ.ਐਸ.ਐਸ.

ਕਾਲਜ ਵਿੱਚ ਐਨ.ਐਸ.ਐਸ. ਅਧੀਨ ਦੋ ਯੂਨਿਟ ਕੰਮ ਕਰਦੇ ਹਨ। ਹਰੇਕ ਯੂਨਿਟ ਦਾ ਇੰਚਾਰਜ ਇਕ ਅਧਿਆਪਕ ਹੁੰਦਾ ਹੈ, ਜਿਸਦੀ ਅਗਵਾਈ ਹੇਠ ਯੂਨਿਟ ਕੰਮ ਕਰਦੇ ਹਨ। ਹਰੇਕ ਯੂਨਿਟ ਵਿੱਚ ਨਿਸ਼ਚਿਤ ਗਿਣਤੀ ਵਿਦਿਆਰਥੀ ਰਜਿਸਟਰ ਹੋ ਸਕਦੇ ਹਨ।

## ਸੈਕਸੂਅਲ ਹੈਰਾਸਮੈਂਟ ਅਤੇ ਵੂਮੈਨ ਸੈਲ

ਕਾਲਜ ਵਿੱਚ ਲੜਕੀਆਂ ਦੀ ਸਹਾਇਤਾ ਲਈ ਇਕ ਸੈਕਸੁਅਲ ਹੈਰਾਸਮੈਂਟ ਅਤੇ ਵੂਮੈਨ ਸੈਲ ਬਣਾਇਆ ਗਿਆ ਹੈ। ਜੇਕਰ ਵਿਦਿਆਰਥਣਾਂ ਨੂੰ ਕੋਈ ਵੀ ਮੁਸ਼ਕਿਲ ਪੇਸ਼ ਆਵੇ ਤਾਂ ਉਹ ਇਸ ਸੈਲ ਦੇ ਮੈਂਬਰਾਂ ਕੋਲ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ।

## ਟਿਊਟੋਰੀਅਲ ਗਰੁੱਪ ਅਤੇ ਮੈਂਟੋਰ ਗਰੁੱਪ

ਕਾਲਜ ਨਾਲ ਵਿਦਿਆਰਥੀਆਂ ਨੂੰ ਜੋੜਨ, ਕਾਲਜ ਨਿਯਮਾਂ ਦੀ ਜਾਣਕਾਰੀ ਦੇਣ, ਅਧਿਆਪਕਾਂ ਨਾਲ ਉਨ੍ਹਾਂ ਦੀ ਸਾਂਝ ਵਧਾਉਣ ਅਤੇ ਸਮੇਂ-ਸਮੇਂ ਤੇ ਭਿੰਨ-ਭਿੰਨ ਗਤੀਵਿਧੀਆਂ ਬਾਰੇ ਦੱਸਣ ਹਿੱਤ, ਹਰ ਸਾਲ ਵਿਦਿਆਰਥੀਆਂ ਨੂੰ ਟਿਊਟੋਰੀਅਲ ਗਰੁੱਪ ਅਲਾਟ ਕੀਤੇ ਜਾਂਦੇ ਹਨ। ਹਰੇਕ ਗਰੁੱਪ ਦਾ ਇੰਚਾਰਜ ਇਕ ਅਧਿਆਪਕ ਹੁੰਦਾ ਹੈ। ਗਰੁੱਪ ਦੇ ਮੈਂਬਰ ਵਿਦਿਆਰਥੀ ਆਪਣੇ ਟਿਊਟਰ ਤੋਂ ਲੋੜ ਅਨੁਸਾਰ ਸਲਾਹ ਅਤੇ ਸੇਧ ਲੈ ਸਕਦੇ ਹਨ। ਹਰੇਕ 15 ਦਿਨ ਬਾਅਦ ਟਿਊਟੋਰੀਅਲ ਗਰੁੱਪ ਮੀਟਿੰਗ ਲਈ ਵਿਸ਼ੇਸ਼ ਪੀਰੀਅਡ ਰੱਖਿਆ ਜਾਂਦਾ ਹੈ ਜਿਸ ਵਿੱਚ ਵਿਦਿਆਰਥੀਆਂ ਦੀ ਹਾਜ਼ਰੀ ਲਾਜ਼ਮੀ ਹੁੰਦੀ ਹੈ।

## ਥੀਏਟਰ ਕਲੱਬ ਅਤੇ ਸੰਗੀਤ ਕਲੱਬ

ਕਾਲਜ ਵਿੱਚ ਥੀਏਟਰ ਗਤੀਵਿਧੀਆਂ ਅਤੇ ਸੰਗੀਤ ਕਲਾਵਾਂ ਨੂੰ ਪ੍ਰਫੁੱਲਿਤ ਕਰਨ ਲਈ 'ਥੀਏਟਰ ਕਲੱਬ' ਅਤੇ 'ਸੰਗੀਤ ਕਲੱਬ'ਦੀ ਸਥਾਪਨਾ ਕੀਤੀ ਗਈ ਹੈ। ਪੁਰਾਣੇ ਵਿਦਿਆਰਥੀ ਜੋ ਕਲਾਕਾਰ ਹਨ ਅਤੇ ਸਥਾਨਕ ਕਲਾਕਾਰਾਂ ਦੇ ਸਹਿਯੋਗ ਨਾਲ ਥੀਏਟਰ ਅਤੇ ਸੰਗੀਤ ਕਲੱਬਾਂ ਰਾਹੀਂ ਗਤੀਵਿਧੀਆਂ ਜਿਵੇਂ ਵਰਕਸ਼ਾਪ, ਸੈਮੀਨਾਰ, ਰੂਬਰੂ ਪ੍ਰੋਗਰਾਮ, ਸੰਗੀਤਕ ਅਤੇ ਨਾਟ ਪੇਸ਼ਕਾਰੀਆਂ ਕਰਵਾਈਆਂ ਜਾਂਦੀਆਂ ਹਨ।

## ਸਟੈਂਡਰਜ਼ ਕਲੱਬ

ਕਾਲਜ ਵਿੱਚ 'ਬਿਊਰੋ ਆਫ ਇੰਡੀਅਨ ਸਟੈਂਡਰਜ਼' ਦੇ ਸਹਿਯੋਗ ਨਾਲ ਸਟੈਂਡਰਜ਼ ਕਲੱਬ ਬਣਾਇਆ ਗਿਆ ਹੈ। ਇਹ ਕਲੱਬ ਵਿਦਿਆਰਥੀਆਂ ਨੂੰ ਉਪਭੋਗਤਾ ਮਾਮਲਿਆਂ, ਖਾਧ ਪਦਾਰਥਾਂ ਦੀ ਗੁਣਵਤਾ ਦੇ ਮਾਮਲਿਆਂ ਵਿੱਚ ਜਾਗਰੂਕ ਕਰਨ ਦੇ ਉਦੇਸ਼ ਨਾਲ ਬਣਾਇਆ ਗਿਆ ਹੈ। ਇਸ ਕਲੱਬ ਵਿੱਚ 50 ਵਿਦਿਆਰਥੀ ਸ਼ਾਮਲ ਹੋ ਸਕਦੇ ਹਨ।

## ਐਨਰਜੀ ਕਲੱਬ

ਕਾਲਜ ਵਿੱਚ ਵਿਦਿਆਰਥੀਆਂ ਨੂੰ ਊਰਜਾ ਸੁਰੱਖਿਆ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਐਨਰਜੀ ਕਲੱਬ ਬਣਾਇਆ ਗਿਆ ਹੈ। ਇਸ ਕਲੱਬ ਵਿੱਚ ਸ਼ਾਮਲ ਵਿਦਿਆਰਥੀਆਂ ਦੁਆਰਾ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਂਦਿਆਂ ਊਰਜਾ ਦੀ ਸੁਰੱਖਿਆ ਪ੍ਰਤੀ ਚੇਤਨਾ ਪੈਦਾ ਕਰਨ ਦੇ ਯਤਨ ਕੀਤੇ ਜਾਂਦੇ ਹਨ।

# ਮਿਡ ਸਮੈਸਟਰ ਟੈਸਟ

ਪੰਜਾਬੀ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਹਰ ਸਾਲ ਮਿਡ ਸਮੈਸਟਰ ਟੈਸਟ ਹੇਠ ਲਿਖੇ ਅਨੁਸਾਰ ਲਏ ਜਾਂਦੇ ਹਨ:-

1. ਮਿਡ ਸਮੈਸਟਰ ਟੈਸਟ ਨਵੰਬਰ ਦੇ ਮਹੀਨੇ ਵਿੱਚ ਅਤੇ ਅਪ੍ਰੈਲ ਦੇ ਮਹੀਨੇ ਵਿੱਚ ਹੋਵੇਗੀ।
2. ਇਨ੍ਹਾਂ ਪ੍ਰੀਖਿਆਵਾਂ ਦੇ ਨਤੀਜਿਆਂ ਅਤੇ ਕੁੱਝ ਹੋਰ ਨਿਰਧਾਰਿਤ ਸ਼ਰਤਾਂ ਦੇ ਆਧਾਰ ਤੇ ਹੀ ਯੂਨੀਵਰਸਿਟੀ ਨੂੰ ਪ੍ਰੀਖਿਆ ਫਾਰਮ ਅਤੇ ਇੰਟਰਨਲ ਅਸੈਸਮੈਂਟ ਭੇਜੀ ਜਾਵੇਗੀ।
3. ਜਿਹੜਾ. ਵਿਦਿਆਰਥੀ ਬਿਨਾਂ ਕਿਸੇ ਆਗਿਆ/ਬਿਨਾਂ ਕਿਸੇ ਛੁੱਟੀ ਲਏ ਮਿਡ ਸਮੈਸਟਰ ਟੈਸਟ ਵਿੱਚ ਗੈਰ ਹਾਜਰ ਰਹਿੰਦਾ ਹੈ ਉਸਨੂੰ ਪ੍ਰੀਖਿਆ ਦਾ ਸਪੈਸ਼ਲ ਚਾਂਸ ਨਹੀਂ ਦਿੱਤਾ ਜਾਵੇਗਾ। ਮੈਡੀਕਲ ਗਰਾਊਂਡ ਤੇ ਵੀ ਪ੍ਰੀਖਿਆ ਵਾਲੇ ਦਿਨ ਗੈਰ ਹਾਜਰੀ ਲਈ ਮੈਡੀਕਲ

ਸਰਟੀਫਿਕੇਟ ਉਸੇ ਦਿਨ ਦੇਣਾ ਅਤੇ ਛੁੱਟੀ ਮਨਜ਼ੂਰ ਕਰਵਾਉਣੀ ਜ਼ਰੂਰੀ ਹੈ। ਇਹ ਨਾ ਕਰਨ ਦੀ ਸੂਰਤ ਵਿੱਚ ਸਾਲਾਨਾ ਪ੍ਰੀਖਿਆ ਲਈ ਦਾਖਲਾ ਨਹੀਂ ਭੇਜਿਆ ਜਾਵੇਗਾ।

4. ਜਿਹੜੇ ਵਿਦਿਆਰਥੀ ਕਾਲਜ ਦੇ ਆਪਣੇ ਇਮਤਿਹਾਨ ਵਿੱਚ ਅਯੋਗ ਢੰਗਾਂ ਦੀ ਵਰਤੋਂ ਕਰਨ ਦੇ ਦੋਸ਼ੀ ਹੋਣਗੇ, ਉਹਨਾਂ ਦਾ ਦਾਖਲਾ ਯੂਨੀਵਰਸਿਟੀ ਨੂੰ ਨਹੀਂ ਭੇਜਿਆ ਜਾਵੇਗਾ।

## ਯੂਨੀਵਰਸਿਟੀ ਇਮਤਿਹਾਨ ਲਈ ਪਾਤਰਤਾ ਨਿਯਮ

ਯੂਨੀਵਰਸਿਟੀ ਵੱਲੋਂ ਇਸ ਵਿਦਿਅਕ ਸੈਸ਼ਨ ਲਈ ਨਿਰਧਾਰਿਤ ਪਾਤਰਤਾ ਨਿਯਮ ਲਾਗੂ ਹੋਣਗੇ। ਇਨ੍ਹਾਂ ਦੀ ਵਿਸਤ੍ਰਿਤ ਜਾਣਕਾਰੀ ਕਾਲਜ ਲਾਇਬ੍ਰੇਰੀ ਵਿਖੇ ਉਪਲਬਧ ਸਿਲੇਬਸਾਂ ਜਾਂ ਕੈਲਡਰਾਂ ਵਿੱਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਨ੍ਹਾਂ ਨਿਯਮਾਂ ਵਿੱਚ ਯੂਨੀਵਰਸਿਟੀ ਕਦੇ ਵੀ ਕੋਈ ਤਬਦੀਲੀ ਕਰ ਸਕਦੀ ਹੈ:

1) ਬੀ.ਏ./ਬੀ.ਕਾਮ/ਬੀ.ਕਾਮ(ਆਨਰਜ਼)/ਬੀ.ਐਸ.ਸੀ./ਬੀ.ਸੀ.ਏ. ਆਦਿ ਸਾਰੇ ਕੋਰਸਾਂ ਦੇ ਸਮੈਸਟਰ I ਤੋਂ VI ਦੀਆਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਕਾਲਜ ਦੇ ਮਿਡ ਸਮੈਸਟਰ ਟੈਸਟਾਂ ਵਿੱਚ ਸਾਰਿਆਂ ਵਿਸ਼ਿਆਂ ਦੇ ਕੁੱਲ ਜੋੜ ਵਿੱਚੋਂ ਘੱਟੋ ਘੱਟ 35% ਅੰਕ ਲੈਣੇ ਜ਼ਰੂਰੀ ਹਨ ਜਾਂ ਹਰ ਵਿਸ਼ੇ ਵਿੱਚੋਂ 25% ਅੰਕ ਜ਼ਰੂਰੀ ਹਨ। ਹਰੇਕ ਸਮੈਸਟਰ ਵਿੱਚ ਹਰ ਵਿਸ਼ੇ ਦੀਆਂ ਘੱਟੋ-ਘੱਟ ਦੋ ਅਸਾਈਨਮੈਂਟਾਂ ਜਮ੍ਹਾਂ ਕਰਵਾਉਣੀਆਂ ਲਾਜ਼ਮੀ ਹਨ।

2) ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮਾਂ ਅਨੁਸਾਰ ਹਰੇਕ ਵਿਸ਼ੇ ਵਿੱਚ ਦਿੱਤੇ ਗਏ ਲੈਕਚਰਾਂ ਦੀ ਕੁੱਲ ਗਿਣਤੀ ਦਾ 75% ਹਾਜ਼ਰੀਆਂ ਪ੍ਰਾਪਤ ਕਰਨੀਆਂ ਜ਼ਰੂਰੀ ਹਨ।

3) ਸਮੈਸਟਰ III ਅਤੇ V ਵਿੱਚ ਵਿਦਿਆਰਥੀ ਨੂੰ ਤਾਂ ਹੀ ਦਾਖਲਾ ਦਿੱਤਾ ਜਾਵੇਗਾ ਜੇਕਰ ਉਸਦੇ ਪਹਿਲੇ ਸਮੈਸਟਰਾਂ ਦੇ ਘੱਟੋ ਘੱਟ 50% ਪੇਪਰ ਕਲੀਅਰ ਹੋਣਗੇ। ਜੇਕਰ ਵਿਦਿਆਰਥੀ ਦੇ II ਅਤੇ IV ਸਮੈਸਟਰ ਦਾ ਨਤੀਜਾ ਨਾ ਆਇਆ ਹੋਵੇ ਤਾਂ ਉਸਨੂੰ ਆਰਜੀ ਤੌਰ ਤੇ ਅਗਲੇ ਸਮੈਸਟਰ ਵਿੱਚ ਦਾਖਲਾ ਦੇ ਦਿੱਤਾ ਜਾਵੇਗਾ। ਪਰੰਤੂ ਉਸ ਸਮੈਸਟਰ ਦਾ ਇਮਤਿਹਾਨ ਦੇਣ ਦੀ ਆਗਿਆ ਤਾਂ ਹੀ ਮਿਲੇਗੀ ਜੇਕਰ ਉਕਤ ਸ਼ਰਤ ਪੂਰੀ ਹੋਵੇਗੀ।

ਉਕਤ ਸ਼ਰਤਾਂ ਪੂਰੀਆਂ ਨਾ ਕਰਨ ਵਾਲਾ ਵਿਦਿਆਰਥੀ ਯੂਨੀਵਰਸਿਟੀ ਇਮਤਿਹਾਨ ਵਿੱਚ ਬੈਠਣ ਦਾ ਪਾਤਰ ਨਹੀਂ ਹੋਵੇਗਾ।

## ਕਾਲਜ ਦੇ ਇਨਾਮਾਂ ਲਈ ਹੱਕਦਾਰ ਬਣਨ ਦੇ ਨਿਯਮ : ਅਕਾਦਮਿਕ ਇਨਾਮ

1. ਵਿਦਿਅਕ ਇਨਾਮਾਂ ਲਈ ਹੱਕਦਾਰ ਬਣਨ ਲਈ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਆਪਣੇ ਚੁਣੇ ਹੋਏ ਹਰੇਕ ਵਿਸ਼ੇ ਵਿੱਚੋਂ ਪਾਸ ਹੋਣਾ ਜ਼ਰੂਰੀ ਹੈ।
2. ਜੇਕਰ ਕਿਸੇ ਕਲਾਸ ਦੇ ਵਿਦਿਆਰਥੀਆਂ ਦੀ ਗਿਣਤੀ 10 ਤੱਕ ਹੈ ਤਾਂ ਇੱਕ ਇਨਾਮ ਦਿੱਤਾ ਜਾਵੇਗਾ, ਜੇਕਰ ਗਿਣਤੀ ਇਸ ਤੋਂ ਵੱਧ ਹੈ ਤਾਂ ਦੋ ਇਨਾਮ ਦਿੱਤੇ ਜਾਣਗੇ।
3. ਅੰਗਰੇਜ਼ੀ ਵਿੱਚ ਪਹਿਲੇ ਇਨਾਮ ਲਈ ਘੱਟੋ ਘੱਟ 55% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ। ਬਾਕੀ ਵਿਸ਼ਿਆਂ ਵਿੱਚ ਇਸ ਇਨਾਮ ਲਈ ਘੱਟੋ ਘੱਟ 60% ਅੰਕ ਲੈਣੇ ਜ਼ਰੂਰੀ ਹਨ, ਨਹੀਂ ਤਾਂ ਦੂਜਾ ਇਨਾਮ ਦਿੱਤਾ ਜਾਵੇਗਾ।
4. ਅੰਗਰੇਜ਼ੀ ਵਿੱਚ ਦੂਜਾ ਇਨਾਮ ਹਾਸਲ ਕਰਨ ਲਈ ਘੱਟੋ ਘੱਟ 45% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ ਅਤੇ ਬਾਕੀ ਵਿਸ਼ਿਆਂ ਵਿੱਚ ਇਨਾਮ ਲਈ ਘੱਟੋ ਘੱਟ 50% ਅੰਕ ਲੈਣੇ ਜ਼ਰੂਰੀ ਹਨ।
5. ਜੇਕਰ ਪਹਿਲੇ ਅਤੇ ਦੂਜੇ ਸਥਾਨ ਤੇ ਇੱਕ ਤੋਂ ਜ਼ਿਆਦਾ ਵਿਦਿਆਰਥੀ ਹਨ ਤਾਂ ਐਗਰੀਗੇਟ ਵਿੱਚ ਵੱਧ ਨੰਬਰਾਂ ਵਾਲੇ ਵਿਦਿਆਰਥੀਆਂ ਨੂੰ ਹੀ ਪਹਿਲਾਂ ਅਤੇ ਦੂਜਾ ਇਨਾਮ ਦਿੱਤਾ ਜਾਵੇਗਾ।
6. ਜਿਹੜੇ ਵਿਦਿਆਰਥੀ ਯੂਨੀਵਰਸਿਟੀ ਦੀ ਅਪ੍ਰੈਲ/ਸਲਾਨਾ ਪ੍ਰੀਖਿਆ ਵਿੱਚ ਆਪਣੀ ਕਲਾਸ ਵਿੱਚ ਪਹਿਲਾ ਤੇ ਦੂਜਾ ਸਥਾਨ ਪ੍ਰਾਪਤ ਕਰਦੇ ਹਨ, ਉਨ੍ਹਾਂ ਨੂੰ ਕਾਲਜ ਵੱਲੋਂ ਇਨਾਮ ਦਿੱਤਾ ਜਾਵੇਗਾ।
7. ਕਿਸੇ ਵਿਦਿਆਰਥੀ ਦਾ ਆਚਰਣ ਜਾਂ ਵਰਤਾਉ ਠੀਕ ਨਾ ਹੋਣ ਦੀ ਸੂਰਤ ਵਿੱਚ ਉਸਨੂੰ ਪ੍ਰਿੰਸੀਪਲ ਵੱਲੋਂ ਇਨਾਮ ਤੋਂ ਵਾਂਝਿਆਂ ਰੱਖਣ ਦਾ ਹੱਕ ਹੈ।

## ਸੱਭਿਆਚਾਰਕ ਅਤੇ ਸਹਿ-ਵਿਦਿਅਕ ਸਰਗਰਮੀਆਂ ਦੇ ਇਨਾਮਾਂ ਲਈ ਨਿਯਮ

ਵਿਦਿਆਰਥੀਆਂ ਨੂੰ ਭਿੰਨ-ਭਿੰਨ ਖੇਤਰਾਂ ਵਿੱਚ ਵਿੱਦਿਅਕ, ਸੱਭਿਆਚਾਰਕ, ਸਹਿ-ਵਿਦਿਅਕ ਸਰਗਰਮੀਆਂ, ਖੇਡਾ. ਅਤੇ ਐਨ.ਐਸ.ਐਸ. ਆਦਿ ਵਿੱਚ ਅਦੁੱਤੀ ਪ੍ਰਾਪਤੀ ਕਰਨ ਤੇ ਵਿਸ਼ੇਸ਼ ਇਨਾਮ ਅਤੇ ਸਰਟੀਫਿਕੇਟ ਦਿੱਤੇ ਜਾਂਦੇ ਹਨ। ਸਬੰਧਿਤ ਸਰਗਰਮੀਆਂ ਦੇ ਪ੍ਰੋਫੈਸਰ ਇੰਚਾਰਜ ਵੱਲੋਂ ਵਿਦਿਆਰਥੀ ਦੇ ਇਨਾਮ ਦਾ ਹੱਕਦਾਰ ਹੋਣ ਬਾਰੇ ਸਿਫਾਰਿਸ਼ ਕਰਨੀ ਜ਼ਰੂਰੀ ਹੈ। ਉਚਿਤ ਜਾਂਚ ਪੜਤਾਲ ਕਰਨ ਤੋਂ ਬਾਅਦ ਪ੍ਰਿੰਸੀਪਲ/ਸਰਟੀਫਿਕੇਟ ਸਬੰਧੀ ਫੈਸਲਾ ਕਰਨਗੇ।

### ਕੁੱਝ ਮਹੱਤਵਪੂਰਨ ਇਨਾਮ ਹੇਠ ਲਿਖੇ ਅਨੁਸਾਰ ਹਨ:-

## ਕਾਲਜ ਰੋਲ ਆਫ ਆਨਰ

ਇਸ ਕਾਲਜ ਦੇ ਸਰਵੋਤਮ ਇਨਾਮ ਦੇ ਹੱਕਦਾਰ ਬਣਨ ਲਈ, ਹੇਠ ਲਿਖੇ ਭਿੰਨ-ਭਿੰਨ ਖੇਤਰਾਂ ਵਿੱਚ ਅਦੁੱਤੀ ਪ੍ਰਾਪਤੀਆਂ ਕਰਨੀਆਂ ਜ਼ਰੂਰੀ ਹਨ:

ੳ) ਵਿਦਿਆਰਥੀ ਯੂਨੀਵਰਸਿਟੀ ਵਿੱਚ ਮੈਰਿਟ ਲਿਸਟ ਵਿੱਚ ਆਇਆ ਹੋਵੇ ਜਾਂ 80% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ।

ਅ) ਜੇਕਰ ਵਿਦਿਆਰਥੀ ਅੰਤਰ-ਯੂਨੀਵਰਸਿਟੀ ਖੇਡਾ. ਵਿੱਚੋਂ ਵਿਅਕਤੀਗਤ ਤੌਰ ਤੇ ਜਾਂ ਟੀਮ ਦਾ ਮੈਂਬਰ ਹੋਣ ਦੇ ਨਾਤੇ ਪਹਿਲੀ ਪੋਜ਼ੀਸ਼ਨ ਹਾਸਲ ਕਰਦਾ ਹੈ।

ੲ) ਜੇਕਰ ਵਿਦਿਆਰਥੀ ਖੇਡ ਵਿਭਾਗ ਵੱਲੋਂ ਸਟੇਟ ਦੀ ਪ੍ਰਤੀਨਿਧਤਾ ਵਿਅਕਤੀਗਤ ਤੌਰ ਤੇ ਜਾਂ ਟੀਮ ਦਾ ਮੈਂਬਰ ਹੋਣ ਦੇ ਨਾਤੇ ਕਰਦਾ ਹੈ ਅਤੇ ਪਹਿਲੀ ਜਾਂ ਦੂਜੀ ਪੋਜ਼ੀਸ਼ਨ ਲੈਂਦਾ ਹੈ।

ਸ) ਜੇਕਰ ਵਿਦਿਆਰਥੀ ਲਗਾਤਾਰ ਤਿੰਨ ਸਾਲ ਕਾਲਜ ਦਾ ਸਰਵੋਤਮ ਖਿਡਾਰੀ ਰਹਿੰਦਾ ਹੈ।

ਹ) ਜੇਕਰ ਵਿਦਿਆਰਥੀ ਅੰਤਰ-ਯੂਨੀਵਰਸਿਟੀ/ਅੰਤਰ-ਖੇਤਰੀ ਮੁਕਾਬਲਿਆਂ ਵਿੱਚ ਨਿੱਜੀ ਤੌਰ ਤੇ ਜਾਂ ਟੀਮ ਦੇ ਮੈਂਬਰ ਨਾਤੇ ਪਹਿਲੀ ਜਾਂ ਦੂਜੀ ਪੋਜ਼ੀਸ਼ਨ ਪ੍ਰਾਪਤ ਕਰਦਾ ਹੈ।

ਕ) ਜੇਕਰ ਐਨ.ਐਸ.ਐਸ. ਵਲੰਟੀਅਰ 26 ਜਨਵਰੀ ਪਰੇਡ (ਦਿੱਲੀ) ਵਿੱਚ ਭਾਗ ਲੈਂਦਾ ਹੈ।

**ਨੋਟ: ਰੋਲ ਆਫ ਆਨਰ ਲੈਣ ਵਾਲੇ ਵਿਦਿਆਰਥੀ ਨੂੰ ਕਾਲਜ ਕਲਰ ਵੀ ਨਾਲ ਹੀ ਦਿੱਤਾ ਜਾਂਦਾ ਹੈ।**

## ਕਾਲਜ ਕਲਰ

ੳ) ਯੂਨੀਵਰਸਿਟੀ ਪ੍ਰੀਖਿਆ ਵਿੱਚੋਂ 75% ਤੋਂ 79.9% ਨੰਬਰ ਪ੍ਰਾਪਤ ਕਰਨ ਵਾਲੇ ਪਹਿਲੇ ਸਥਾਨ ਆਉਣ ਵਾਲੇ ਵਿਦਿਆਰਥੀ ਜਾਂ ਕਿਸੇ ਕਲਾਸ ਵਿੱਚੋਂ ਫਸਟ ਕਲਾਸ ਫਸਟ ਆਉਣ ਵਾਲੇ ਵਿਦਿਆਰਥੀ।

ਅ) ਜਦੋਂ ਕੋਈ ਵਿਦਿਆਰਥੀ ਯੂਨੀਵਰਸਿਟੀ ਦੇ ਅੰਤਰ-ਕਾਲਜ ਮੁਕਾਬਲਿਆਂ ਦੀਆਂ ਖੇਡਾ. ਵਿੱਚੋਂ ਪਹਿਲੀ/ਦੂਜੀ ਪੋਜ਼ੀਸ਼ਨ ਪ੍ਰਾਪਤ ਕਰਦਾ ਹੈ।

ੲ) ਜੇਕਰ ਵਿਦਿਆਰਥੀ ਯੂਨੀਵਰਸਿਟੀ ਦੇ ਖੇਤਰੀ ਯੁਵਕ ਮੇਲੇ ਵਿੱਚ ਖੇਤਰੀ ਮੁਕਾਬਲਿਆਂ ਵਿੱਚ ਨਿੱਜੀ ਤੌਰ ਤੇ ਜਾਂ ਟੀਮ ਦੇ ਮੈਂਬਰ ਹੋਣ ਦੇ ਨਾਤੇ ਪਹਿਲੀ ਪੋਜ਼ੀਸ਼ਨ ਪ੍ਰਾਪਤ ਕਰਦਾ ਹੈ।

ਸ) ਐਨ.ਐਸ.ਐਸ. ਦੇ ਅੰਤਰ ਰਾਜ ਜਾਂ ਅੰਤਰ-ਯੂਨੀਵਰਸਿਟੀ ਕੈਂਪ ਵਿੱਚ ਭਾਗ ਲੈਂਦਾ ਹੈ।

ਹ) ਜੇਕਰ ਕੋਈ ਵਿਦਿਆਰਥੀ ਦੋ ਸਾਲ ਲਗਾਤਾਰ ਆਪਣੇ ਕਾਲਜ ਦਾ ਸਰਵੋਤਮ ਖਿਡਾਰੀ ਰਹਿੰਦਾ ਹੈ।

ਕ) ਜਿਹੜਾ. ਵਿਦਿਆਰਥੀ ਅੰਤਰ-ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਵੱਲੋਂ ਪ੍ਰਤਿਨਿਧਤਾ ਕਰਦਾ ਹੈ।

ਖ) ਕਾਲਜ ਕਮੇਟੀ ਵਿਦਿਆਰਥੀ ਦੀ ਕਾਲਜ ਨੂੰ ਸਮੁੱਚੀ ਦੇਣ ਦੇ ਆਧਾਰ ਤੇ ਕਾਲਜ ਕਲਰ ਦੇਣ ਦੀ ਸਿਫਾਰਿਸ਼ ਕਰ ਸਕਦੀ ਹੈ।

## ਮੈਰਿਟ ਸਰਟੀਫਿਕੇਟ

ਪ੍ਰਿੰਸੀਪਲ ਕਾਲਜ ਕੌਂਸਲ ਜਾਂ ਸੱਭਿਆਚਾਰਕ ਸਰਗਰਮੀਆਂ ਦੇ ਵੱਖ-ਵੱਖ ਇੰਚਾਰਜਾਂ ਦੀ ਸਿਫਾਰਿਸ਼ ਤੇ ਵਿਦਿਆਰਥੀਆਂ ਨੂੰ ਭਿੰਨ-ਭਿੰਨ ਖੇਤਰਾਂ ਵਿੱਚ ਚੰਗੇ ਕੰਮਾਂ ਤੇ ਪ੍ਰਾਪਤੀਆਂ ਦੇ ਆਧਾਰ ਤੇ ਵਿਸ਼ੇਸ਼ ਮੈਰਿਟ ਸਰਟੀਫਿਕੇਟ ਪ੍ਰਦਾਨ ਕਰ ਸਕਦੇ ਹਨ।

## ਕਾਲਜ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਇਨਾਮ

ਕਾਲਜ ਪ੍ਰਸ਼ਾਸਨ, ਓ.ਐਸ.ਏ, ਵਿਨੋਦ ਪਾਲ ਮੈਮੋਰੀਅਲ ਟਰੱਸਟ ਡੇਰਾ ਬੱਸੀ, ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਕਾਲਜ ਦੇ ਸਾਬਕਾ ਪ੍ਰਿੰਸੀਪਲ ਸਾਹਿਬਾਨ, ਪ੍ਰੋਫੈਸਰ ਸਾਹਿਬਾਨ ਅਤੇ ਸਾਬਕਾ ਪ੍ਰੋਫੈਸਰ ਸਾਹਿਬਾਨ ਜਾਂ ਉਹਨਾਂ ਦੇ ਪਰਿਵਾਰਾਂ ਦੁਆਰਾ ਕਾਲਜ ਦੇ ਵੱਖ-ਵੱਖ ਖੇਤਰਾਂ ਵਿੱਚ ਜੇਤੂ ਰਹੇ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਅਤੇ ਉਹਨਾਂ ਦੀ ਹੌਸਲਾ ਅਫ਼ਜਾਈ ਹਿੱਤ ਹਰ ਸਾਲ ਹੇਠ ਲਿਖੇ ਅਨੁਸਾਰ ਭਿੰਨ-ਭਿੰਨ ਇਨਾਮ ਦਿੱਤੇ ਜਾਂਦੇ ਹਨ:-

1. ਵਿਨੋਦ ਪਾਲ ਮੈਮੋਰੀਅਲ ਟਰੱਸਟ ਡੇਰਾ ਬੱਸੀ ਵੱਲੋਂ ਕਾਲਜ ਦੇ ਕਾਮਰਸ ਵਿਭਾਗ ਦੇ ਬੀ.ਕਾਮ ਸਮੈਸਟਰ ਦੂਜਾ ਦੇ ਯੂਨੀਵਰਸਿਟੀ ਸਾਲਾਨਾ ਪ੍ਰੀਖਿਆ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਇੱਕ ਟਰਾਫੀ ਅਤੇ 500/-ਰੁ. ਨਗਦ ਇਨਾਮ, ਬੀ.ਕਾਮ ਸਮੈਸਟਰ ਚੌਥਾ ਦੇ ਯੂਨੀਵਰਸਿਟੀ ਸਾਲਾਨਾ ਪ੍ਰੀਖਿਆ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਇੱਕ ਟਰਾਫੀ ਅਤੇ 1100/-ਰੁ. ਨਗਦ ਇਨਾਮ ਅਤੇ ਬੀ.ਕਾਮ ਸਮੈਸਟਰ ਛੇਵਾਂ ਦੇ ਯੂਨੀਵਰਸਿਟੀ ਪ੍ਰੀਖਿਆ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਇੱਕ ਟਰਾਫੀ ਅਤੇ 2100/-ਰੁ. ਨਗਦ ਇਨਾਮ ਦਿੱਤਾ ਜਾਂਦਾ ਹੈ। ਜੇਕਰ ਇਹਨਾਂ ਤਿੰਨਾਂ ਕਲਾਸਾਂ ਵਿੱਚੋਂ ਕੋਈ ਵਿਦਿਆਰਥੀ ਸਾਲਾਨਾ ਪ੍ਰੀਖਿਆ ਵਿੱਚੋਂ ਯੂਨੀਵਰਸਿਟੀ ਵਿੱਚੋਂ ਪਹਿਲੇ ਸਥਾਨ ਤੇ ਆਉਂਦਾ ਹੈ ਤਾਂ ਉਸਨੂੰ ਇੱਕ ਟਰਾਫੀ ਅਤੇ 5100/-ਰੁ. ਨਗਦ ਇਨਾਮ ਦਿੱਤਾ ਜਾਂਦਾ ਹੈ। ਜੇਕਰ ਕਾਮਰਸ ਵਿਭਾਗ ਦਾ ਕੋਈ ਪੁਰਾਣਾ ਵਿਦਿਆਰਥੀ ਕਾਮਰਸ ਦੀ ਸਾਲਾਨਾ ਪੋਸਟ ਗ੍ਰੈਜੂਏਟ ਪ੍ਰੀਖਿਆ ਵਿੱਚੋਂ ਯੂਨੀਵਰਸਿਟੀ ਵਿੱਚੋਂ ਪਹਿਲੇ ਸਥਾਨ ਤੇ ਆਉਂਦਾ ਹੈ ਤਾਂ ਉਸਨੂੰ ਇੱਕ ਟਰਾਫੀ ਅਤੇ 5100 ਰੁ. ਨਗਦ ਇਨਾਮ ਕਾਲਜ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਮੌਕੇ ਦਿੱਤਾ ਜਾਂਦਾ ਹੈ।

2. ਪ੍ਰੋ. ਆਈ.ਐੱਸ. ਸੁੱਖੀ ਦੁਆਰਾ ਹਰੇਕ ਸਾਲ ਕਾਲਜ ਦੇ ਬੀ.ਐਸ.ਸੀ. ਸਮੈਸਟਰ ਦੂਜਾ, ਚੌਥਾ ਅਤੇ ਛੇਵਾਂ ਦੀ ਸਲਾਨਾ ਪ੍ਰੀਖਿਆ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਆਪਣੀ ਸਵਰਗਵਾਸੀ ਪਤਨੀ ਸ਼੍ਰੀਮਤੀ ਸੁਰਜੀਤ ਸੁੱਖੀ ਦੀ ਯਾਦ ਵਿੱਚ 2000/-ਰੁ. ਦਾ ਨਗਦ ਇਨਾਮ ਦਿੱਤਾ ਜਾਂਦਾ ਹੈ।
3. ਪ੍ਰੋ. ਆਈ.ਐੱਸ. ਸੁੱਖੀ ਦੁਆਰਾ ਹਰੇਕ ਸਾਲ ਕਾਲਜ ਦੇ ਸਰਵੋਤਮ ਖਿਡਾਰੀ ਲਈ ਆਪਣੇ ਪਿਤਾ ਜੀ ਦੀ ਯਾਦ ਵਿੱਚ ਪ੍ਰਤਾਪ ਟਰਾਫੀ ਅਤੇ 500/-ਰੁ. ਨਗਦ ਅਤੇ ਸਰਵੋਤਮ ਖਿਡਾਰਨ ਲਈ ਆਪਣੀ ਮਾਤਾ ਜੀ ਦੀ ਯਾਦ ਵਿੱਚ ਬਸੰਤ ਟਰਾਫੀ ਅਤੇ 500/-ਰੁ. ਨਗਦ ਦਿੱਤੇ ਜਾਂਦੇ ਹਨ।
4. ਕਾਲਜ ਦੇ ਸਾਬਕਾ ਪ੍ਰਿੰਸੀਪਲਾਂ ਵੱਲੋਂ ਹਰ ਸਾਲ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਨੂੰ ਨਗਦ ਇਨਾਮ ਦਿੱਤਾ ਜਾਂਦਾ ਹੈ।
5. ਕਾਲਜ ਦੇ ਸਾਬਕਾ ਪ੍ਰੋਫੈਸਰ ਕੁਲਵਿੰਦਰ ਕੌਰ ਦੁਆਰਾ ਆਪਣੇ ਪਿਤਾ ਸਵਰਗਵਾਸੀ ਡਾ. ਅਜੀਤ ਸਿੰਘ ਸੰਧੂ ਅਤੇ ਮਾਤਾ ਸੁਖਦੇਵ ਕੌਰ ਦੀ ਯਾਦ ਵਿੱਚ ਹਰ ਸਾਲ ਸਰਵੋਤਮ ਖਿਡਾਰੀ ਲੜਕੇ ਅਤੇ ਲੜਕੀ ਨੂੰ ਟਰਾਫੀ ਅਤੇ ਨਗਦ ਇਨਾਮ ਦਿੱਤਾ ਜਾਂਦਾ ਹੈ।
6. ਪ੍ਰੋਫੈਸਰ ਸਿਮਰਪ੍ਰੀਤ ਦੁਆਰਾ ਆਪਣੀ ਮਾਤਾ ਸਵਰਗਵਾਸੀ ਸ਼੍ਰੀਮਤੀ ਕੁਲਵੰਤ ਕੌਰ ਜੀ ਦੀ ਯਾਦ ਵਿੱਚ ਹਰ ਸਾਲ ਸਰਵੋਤਮ ਖਿਡਾਰੀ ਲੜਕੇ ਅਤੇ ਇੱਕ ਲੜਕੀ ਨੂੰ ਟਰਾਫੀ ਦਿੱਤੀ ਜਾਂਦੀ ਹੈ।
7. ਲਾਇਬ੍ਰੇਰੀਅਨ ਦੀ ਸਿਫਾਰਿਸ਼ ਤੇ ਹਰ ਸਾਲ ਇੱਕ ਲੜਕੇ ਅਤੇ ਇਕ ਲੜਕੀ ਵਿਦਿਆਰਥੀ ਨੂੰ ਸਰਵੋਤਮ ਰੀਡਰ ਦਾ ਇਨਾਮ ਦਿੱਤਾ ਜਾਂਦਾ ਹੈ।
8. ਕਾਲਜ ਦੇ ਸਾਬਕਾ ਪ੍ਰਿੰਸੀਪਲ ਸ਼੍ਰੀਮਤੀ ਸਾਧਨਾ ਸੰਗਰ ਦੁਆਰਾ ਸੱਭਿਆਚਾਰਕ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਸਰਵੋਤਮ ਵਿਦਿਆਰਥੀਆਂ ਨੂੰ ਨਗਦ ਇਨਾਮ ਦਿੱਤਾ ਜਾਂਦਾ ਹੈ।
9. ਕਾਲਜ ਦੇ ਸਾਬਕਾ ਪ੍ਰੋ. ਡਾ. ਗੁਰਜੰਟ ਸਿੰਘ ਦੁਆਰਾ ਬੀ.ਏ. ਭਾਗ ਤੀਜਾ ਦੀਆਂ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਨਗਦ ਇਨਾਮ ਦਿੱਤਾ ਜਾਂਦਾ ਹੈ।

**ਜ਼ਰੂਰੀ ਨੋਟ:** ਉਪਰੋਕਤ ਇਨਾਮਾਂ ਲਈ ਹੱਕਦਾਰ ਬਣਨ ਲਈ ਜ਼ਰੂਰੀ ਹੈ ਕਿ ਇਨਾਮ ਜੇਤੂ ਵਿਦਿਆਰਥੀ ਦੇ ਲੈਕਚਰ ਘੱਟ ਨਾ ਹੋਣ, ਪੜ੍ਹਾਈ ਵਿੱਚ ਤਸੱਲੀਬਖਸ਼ ਹੋਵੇ ਅਤੇ ਵਿਦਿਆਰਥੀ ਦਾ ਆਚਰਣ ਚੰਗਾ ਹੋਵੇ।

## ਵਿਦਿਆਰਥੀਆਂ ਲਈ ਆਮ ਨਿਯਮ

1. ਪ੍ਰਿੰਸੀਪਲ ਦੀ ਅਗੇਤਰੀ ਆਗਿਆ ਪ੍ਰਾਪਤ ਕੀਤੇ ਬਿਨਾਂ ਕਾਲਜ ਕੈਂਪਸ ਵਿੱਚ ਕੋਈ ਵੀ ਮੀਟਿੰਗ ਨਹੀਂ ਕੀਤੀ ਜਾ ਸਕਦੀ।
2. ਕਾਲਜ ਦੇ ਅਨੁਸ਼ਾਸਨ ਦੀ ਪਾਲਣਾ ਕਰਨਾ ਵਿਦਿਆਰਥੀਆਂ ਦਾ ਨੈਤਿਕ ਫਰਜ਼ ਹੈ। ਕਾਲਜ ਦੇ ਅਨੁਸ਼ਾਸਨ ਨੂੰ ਭੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਅਨੁਸ਼ਾਸਨ ਭੰਗ ਕਰਨ ਵਾਲਿਆਂ ਦੇ ਵਿਰੁੱਧ ਦੰਡ ਦੇਣ ਦੀ ਸਿਫਾਰਿਸ਼ ਕਮੇਟੀ ਕਰੇਗੀ ਅਤੇ ਫੈਸਲਾ ਪ੍ਰਿੰਸੀਪਲ ਲੈਣਗੇ।
3. ਹਰ ਵਿਦਿਆਰਥੀ ਨੂੰ ਆਪਣਾ ਸ਼ਨਾਖਤੀ ਕਾਰਡ ਹਰ ਵਕਤ ਨਾਲ ਰੱਖਣਾ ਚਾਹੀਦਾ ਹੈ ਅਤੇ ਮੰਗਣ ਤੇ ਕਾਲਜ ਅਧਿਕਾਰੀ ਨੂੰ ਵਿਖਾਉਣਾ ਚਾਹੀਦਾ ਹੈ। ਕਾਲਜ ਵਿੱਚ ਵਿਦਿਆਰਥੀ ਦਾ ਪ੍ਰਵੇਸ਼ ਸ਼ਨਾਖਤੀ ਕਾਰਡ ਦੇ ਆਧਾਰ ਤੇ ਹੋਵੇਗਾ। ਗੈਰ-ਵਿਦਿਆਰਥੀਆਂ ਦਾ ਕਾਲਜ ਵਿੱਚ ਪ੍ਰਵੇਸ਼ ਵਰਜਿਤ ਹੈ। ਅਜਿਹੇ ਵਿਅਕਤੀਆਂ ਵਿਰੁੱਧ ਯੋਗ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
4. ਵਿਦਿਆਰਥੀ ਕਾਲਜ ਕੈਂਪਸ ਅਤੇ ਵਰਾਂਡਿਆਂ ਵਿੱਚ ਨਾ ਖੜਨ ਅਤੇ ਨਾ ਹੀ ਆਉਂਦਿਆਂ ਜਾਂ ਜਾਂਦਿਆਂ ਸ਼ੋਰ ਕਰਨ।
5. ਕੋਈ ਵਿਦਿਆਰਥੀ ਜੇਕਰ ਕਾਲਜ ਛੱਡਣਾ ਚਾਹੁੰਦਾ ਹੈ ਤਾਂ ਉਹ ਆਪਣੇ ਬਿਨੈ-ਪੱਤਰ ਤੇ ਪਿਤਾ/ਸਰਪ੍ਰੱਸਤ ਦੇ ਹਸਤਾਖਰ ਕਰਵਾ ਕੇ ਪ੍ਰਿੰਸੀਪਲ ਦੀ ਮਨਜ਼ੂਰੀ ਨਾਲ ਅਜਿਹਾ ਕਰ ਸਕਦਾ ਹੈ। ਉਸ ਨੂੰ ਕਾਲਜ ਦੇ ਸਾਰੇ ਆਪਣੇ ਬਕਾਏ ਦੀ ਬਣਦੀ ਰਕਮ ਕਾਲਜ ਨੂੰ ਅਦਾ ਕਰਨੀ ਪਵੇਗੀ। ਜਦ ਤੱਕ ਵਿਦਿਆਰਥੀ ਦਾ ਨਾਂ ਰਸਮੀ ਤੌਰ ਤੇ ਕੱਟ ਨਹੀਂ ਜਾਂਦਾ, ਉਸਨੂੰ ਕਾਲਜ ਫੀਸ, ਫੰਡ ਅਤੇ ਹੋਰ ਜ਼ੁਰਮਾਨੇ ਆਦਿ ਦਾ ਭੁਗਤਾਨ ਕਰਨਾ ਪਵੇਗਾ।
6. ਆਚਰਣ ਸਬੰਧੀ ਪ੍ਰਮਾਣ-ਪੱਤਰ ਵਿਦਿਆਰਥੀ ਨੂੰ ਕਾਲਜ ਛੱਡਣ ਤੇ ਹੀ ਦਿੱਤਾ ਜਾਵੇਗਾ।
7. ਜੇਕਰ ਵਿਦਿਆਰਥੀ ਕਾਲਜ ਛੱਡਣ ਤੋਂ ਇੱਕ ਸਾਲ ਦੇ ਅੰਦਰ-ਅੰਦਰ ਲਾਇਬ੍ਰੇਰੀ ਜਮਾਨਤ ਵਾਪਿਸ ਨਹੀਂ ਲੈਂਦਾ ਤਾਂ ਜ਼ਬਤ ਹੋ ਜਾਵੇਗੀ।
8. ਹਰੇਕ ਵਿਦਿਆਰਥੀ ਲਈ ਸਾਇਕਲ, ਸਕੂਟਰ ਅਤੇ ਮੋਟਰ ਸਾਇਕਲ ਆਦਿ ਨੂੰ ਨਿਸ਼ਚਿਤ ਸਥਾਨ ਤੇ ਰੱਖਣਾ ਜ਼ਰੂਰੀ ਹੈ। ਖੇਡ ਦੇ ਮੈਦਾਨ ਜਾਂ ਲਾਅਨ ਵਿੱਚ ਵਾਹਨ ਲੈ ਕੇ ਜਾਣਾ ਸਖਤ ਮਨ੍ਹਾਂ ਹੈ।ਕਾਲਜ ਗੇਟ ਤੋਂ ਬਾਹਰ ਖੜ੍ਹੇ ਵਾਹਨ ਪੁਲਿਸ ਹਵਾਲੇ ਕੀਤੇ ਜਾਣਗੇ।
9. ਕਾਲਜ ਕੈਂਪਸ ਵਿੱਚ ਅਸਮਾਜਿਕ ਅਤੇ ਅਨੈਤਿਕ ਕੰਮ ਜਿਵੇਂ ਕਿ ਸਿਗਰਟ, ਸ਼ਰਾਬ ਤੇ ਨਸ਼ਿਆਂ ਦੀ ਵਰਤੋਂ, ਤਾਸ਼, ਜੂਆ ਖੇਡਣਾ ਆਦਿ ਸਖਤ ਮਨ੍ਹਾ ਹੈ।
10. ਵਿਦਿਆਰਥੀਆਂ ਨੂੰ ਹਦਾਇਤ ਹੈ ਕਿ ਉਹ ਕਾਲਜ ਦੀ ਇਮਾਰਤ/ਸੰਪਤੀ/ਫਰਨੀਚਰ ਆਦਿ ਨੂੰ ਖਰਾਬ ਨਾ ਕਰਨ ਅਤੇ ਨੋਟਿਸ ਬੋਰਡ ਉੱਤੇ ਲਾਏ ਨੋਟਿਸ ਨਾ ਪਾੜਨ ਕਿਉਂਕਿ ਇਹ ਉਨ੍ਹਾਂ ਦੀ ਵਰਤੋਂ ਲਈ ਹੀ ਹਨ। ਜੇਕਰ ਕੋਈ ਵਿਦਿਆਰਥੀ ਇਨ੍ਹਾਂ ਦਾ ਨੁਕਸਾਨ ਕਰਦਾ ਫੜਿਆ ਗਿਆ ਤਾਂ ਉਸ ਤੇ ਉਚਿਤ ਕਾਰਵਾਈ ਕੀਤੀ ਜਾਵੇਗੀ ਅਤੇ ਕੀਤੇ ਨੁਕਸਾਨ ਦਾ ਹਰਜਾਨਾ ਤੇ ਜ਼ੁਰਮਾਨਾ ਉਸ ਤੋਂ ਵਸੂਲ ਕੀਤਾ ਜਾਵੇਗਾ।
11. ਵਿਦਿਆਰਥੀਆਂ ਵੱਲੋਂ ਲਾਇਬ੍ਰੇਰੀ ਅਤੇ ਪ੍ਰੀਖਿਆ ਹਾਲ ਵਿੱਚ ਮੋਬਾਇਲ ਲੈ ਕੇ ਜਾਣਾ ਮਨ੍ਹਾ ਹੈ।

12. ਵਿਦਿਆਰਥੀਆਂ ਵੱਲੋਂ ਕਾਲਜ ਵਿਖੇ ਚਾਰ ਪਹੀਆ ਵਾਹਨ ਲਿਆਉਣਾ ਮਨ੍ਹਾਂ ਹੈ।
13. ਵਿਦਿਆਰਥੀ ਰੈਗਿੰਗ ਵਿੱਚ ਭਾਗ ਨਹੀਂ ਲੈਣਗੇ। ਅਜਿਹਾ ਕਰਦੇ ਫੜੇ ਜਾਣ ਤੇ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾ ਸਕਦੀ ਹੈ ਅਤੇ ਦਾਖਲਾ ਰੱਦ ਕੀਤਾ ਜਾ ਸਕਦਾ ਹੈ।
14. ਜਿਨ੍ਹਾਂ ਵਿਦਿਆਰਥੀ ਲੜਕਿਆਂ ਨੇ ਆਪਣੇ ਕੇਸ਼ ਰੱਖੇ ਹਨ, ਉਨ੍ਹਾਂ ਲਈ ਕਾਲਜ ਵਿੱਚ ਉਚਿਤ ਪਗੜੀ ਬੰਨ੍ਹ ਕੇ ਆਉਣਾ ਲਾਜ਼ਮੀ ਹੈ।
15. ਸਾਰੇ ਵਿਦਿਆਰਥੀਆਂ ਲਈ ਦਿੱਤੀਆਂ ਗਈਆਂ ਰੈਗਿੰਗ ਵਿਰੋਧੀ ਵੈਬ-ਸਾਈਟਾਂ ਵਿੱਚੋਂ ਕਿਸੇ ਇੱਕ ਤੇ ਰਜਿਸਟ੍ਰੇਸ਼ਨ ਕਰਵਾਉਣਾ ਲਾਜਮੀ ਹੈ। www.amanmovement.org OR www.antiragging.in
16. ਕੋਵਿਡ-19 ਮਹਾਂਮਾਰੀ ਦੇ ਮੱਦੇਨਜਰ ਕਾਲਜ ਆਉਣ ਵਾਲੇ ਵਿਦਿਆਰਥੀ ਕਰੋਨਾ ਦੀ ਲਾਗ ਤੋਂ ਬਚਾਅ ਲਈ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਗੇ।

## ਵਿਸ਼ਾ ਬਦਲਣ ਸਬੰਧੀ ਨਿਯਮ

1. ਬੀ.ਏ. ਸਮੈਸਟਰ-1 ਦੇ ਵਿਦਿਆਰਥੀ ਕਲਾਸਾਂ ਸ਼ੁਰੂ ਹੋਣ ਤੋਂ ਬਾਅਦ 15 ਦਿਨ ਦੇ ਅੰਦਰ-ਅੰਦਰ ਆਪਣਾ ਵਿਸ਼ਾ ਪ੍ਰਾਸਪੈਕਟਸ ਦੇ ਜੁੱਟਾਂ ਅਨੁਸਾਰ ਬਦਲ ਸਕਦੇ ਹਨ।
2. ਅਗਲੇ ਸਮੈਸਟਰਾਂ ਵਿੱਚ ਕੋਈ ਵਿਸ਼ਾ ਤਬਦੀਲ ਨਹੀਂ ਹੋਵੇਗਾ।
3. ਦੂਜੇ ਕਾਲਜਾਂ ਤੋਂ ਮਾਈਗ੍ਰੇਟ ਹੋਣ ਵਾਲੇ ਉਹੀ ਵਿਦਿਆਰਥੀ ਦਾਖਲੇ ਕੀਤੇ ਜਾਣਗੇ ਜਿਨ੍ਹਾਂ ਦੇ ਵਿਸ਼ੇ ਇਸ ਪ੍ਰਾਸਪੈਕਟਸ ਦੇ ਕਿਸੇ ਇੱਕ ਵਿਸ਼ਾ-ਜੁੱਟ ਅਨੁਸਾਰ ਹੋਣਗੇ। ਇਸਦੀ ਪ੍ਰਵਾਨਗੀ ਪੰਜਾਬੀ ਯੂਨੀਵਰਸਿਟੀ ਤੋਂ ਦਾਖਲਾ ਫਾਰਮ ਭਰਨ ਤੋਂ ਪਹਿਲਾ ਲਿਖਤੀ ਤੌਰ ਤੇ ਪ੍ਰਾਪਤ ਕੀਤੀ ਜਾਵੇ।

**ਜ਼ਰੂਰੀ ਨੋਟ-** ਜਾਂਚ ਪੜਤਾਲ ਉਪਰੰਤ ਪ੍ਰਿੰਸੀਪਲ ਸਾਹਿਬ ਦੇ ਆਦੇਸ਼ ਨਾਲ ਹੀ ਵਿਸ਼ਾ/ਵਿਸ਼ਿਆਂ ਨੂੰ ਬਦਲੇ ਜਾਣ ਦੀ ਆਗਿਆ ਦਿੱਤੀ ਜਾਵੇਗੀ ਤੇ ਇਸ ਸਬੰਧੀ ਨੋਟਿਸ ਨਿਕਲਣ ਦੇ ਬਾਅਦ ਹੀ ਵਿਦਿਆਰਥੀਆਂ ਨੂੰ ਨਵੇਂ ਵਿਸ਼ੇ ਦੀ ਕਲਾਸ ਵਿੱਚ ਬੈਠਣ ਦੀ ਆਗਿਆ ਹੋਵੇਗੀ। ਵਿਸ਼ਾ ਬਦਲੀ ਦੀ ਪ੍ਰਕਿਰਿਆ ਵਿੱਚ ਅਧਿਆਪਕਾਂ ਅਤੇ ਕਾਲਜ ਅਧਿਕਾਰੀਆਂ ਦੇ ਸਮੇਂ ਅਤੇ ਸ਼ਕਤੀ ਦਾ ਬਹੁਤ ਹਰਜਾ ਹੁੰਦਾ ਹੈ ਇਸ ਲਈ ਵਿਦਿਆਰਥੀ ਵਿਸ਼ਾ ਬਦਲੀ ਨੂੰ ਆਪਣਾ ਅਧਿਕਾਰ ਨਾ ਸਮਝਣ ਸਗੋਂ ਪਹਿਲਾਂ ਹੀ ਚੰਗੀ ਤਰ੍ਹਾਂ ਸੋਚ ਸਮਝ ਕੇ ਵਿਸ਼ਾ ਚੋਣ ਕਾਊਂਸਲਿੰਗ ਕਮੇਟੀ ਦੀ ਸਹਾਇਤਾ ਨਾਲ ਵਿਸ਼ਾ ਜੁੱਟ ਭਰਨ। ਵਿਸ਼ਾ ਬਦਲੀ ਸਬੰਧਿਤ ਅਧਿਆਪਕ ਦੀ ਸਿਫਾਰਿਸ਼ ਜਾਂ ਪੂਰਵ-ਸਹਿਮਤੀ ਤੋਂ ਬਿਨਾਂ ਸੰਭਵ ਨਹੀਂ ਹੋਵੇਗੀ।

# ਗਤੀਵਿਧੀਆਂ
# 2025-26

| | | |
|---|---|---|
| ਮਹਿਲਾ ਦਿਵਸ ਬਾਰੇ ਪ੍ਰਦਰਸ਼ਨੀ ਅਤੇ ਸਮਾਰੋਹ | : | 08 ਮਾਰਚ 2026 |
| ਵਣ-ਮਹਾਂ-ਉਤਸਵ | : | ਅਗਸਤ ਦੇ ਪਹਿਲੇ ਹਫਤੇ |
| ਸਵਤੰਤਰਤਾ ਦਿਵਸ | : | 15 ਅਗਸਤ 2025 |
| ਅਧਿਆਪਕ ਦਿਵਸ | : | 5 ਸਤੰਬਰ 2025 |
| ਪ੍ਰਤਿਭਾ-ਖੋਜ਼ ਮੁਕਾਬਲੇ | : | ਸਤੰਬਰ ਦੇ ਪਹਿਲੇ ਹਫਤੇ |
| ਸੜਕ ਸੁਰੱਖਿਆ ਬਾਰੇ ਲੈਕਚਰ ਅਤੇ ਪ੍ਰਦਰਸ਼ਨੀ | : | ਸਤੰਬਰ ਦੇ ਤੀਜੇ ਹਫਤੇ |
| ਪੋਸ਼ਣ ਮਾਂਹ | : | ਸਤੰਬਰ ਦੇ ਦੂਜੇ ਹਫਤੇ |
| ਯੂਥ ਫੈਸਟੀਵਲ | : | ਅਕਤੂਬਰ 2025 |
| ਮਿਡ ਸਮੈਸਟਰ ਟੈਸਟ | : | ਅਕਤੂਬਰ ਅਤੇ ਮਾਰਚ ਦੇ ਮਹੀਨਿਆਂ ਵਿੱਚ |
| ਐਨ.ਐਸ.ਐਸ. ਕੈਂਪ | : | ਨਵੰਬਰ ਦੇ ਪਹਿਲੇ ਹਫਤੇ |
| ਯੂਨੀਵਰਸਿਟੀ ਦੇ ਦਾਖਲਾ ਫਾਰਮ | : | ਯੂਨੀਵਰਸਿਟੀ ਮਿਤੀਆਂ ਅਨੁਸਾਰ |
| ਲੋਹੜੀ | : | 13 ਜਨਵਰੀ 2026 |
| ਵਿਦਿਅਕ ਟੂਰ | : | ਜਨਵਰੀ/ਫਰਵਰੀ 2026 |
| ਗਣਤੰਤਰਤਾ ਦਿਵਸ | : | 26 ਜਨਵਰੀ 2026 |
| ਸਾਲਾਨਾ ਖੇਡ ਸਮਾਰੋਹ | : | ਫਰਵਰੀ ਦੇ ਪਹਿਲੇ ਹਫਤੇ |
| ਸਾਲਾਨਾ ਇਨਾਮ ਵੰਡ ਸਮਾਰੋਹ | : | ਮਾਰਚ ਦੇ ਦੂਜੇ ਹਫਤੇ |
| ਕਨਵੋਕੇਸ਼ਨ | : | ਮਾਰਚ ਦੇ ਦੂਜੇ/ਤੀਜੇ ਹਫਤੇ |

## ਅਕਾਦਮਿਕ ਕਲੰਡਰ 2025-26

| | | |
|---|---|---|
| ਗਰਮੀ ਦੀਆਂ ਛੁੱਟੀਆਂ | : | 09-06-2025 ਤੋਂ 12-7-2025 |
| Odd ਸਮੈਸਟਰ ਦੀ ਅਵਧੀ | : | 28-07-2025 ਤੋਂ 14-11-2025 |
| Odd ਸਮੈਸਟਰ ਦੀ ਪ੍ਰੀਖਿਆ ਦੀ ਮਿਤੀ | : | 20-11-2025 ਤੋਂ |
| ਸਰਦੀ ਦੀਆਂ ਛੁੱਟੀਆਂ | : | 26-12-2025 ਤੋਂ 10-01-2026 |
| Even ਸਮੈਸਟਰ ਦੀ ਅਵਧੀ | : | 12-01-2026 ਤੋਂ 24-04-2026 |
| Even ਸਮੈਸਟਰ ਦੀ ਪ੍ਰੀਖਿਆ ਦੀ ਮਿਤੀ | : | 04-05-2026 ਤੋਂ |

**ਨੋਟ : ਗਤੀਵਿਧੀਆਂ ਅਤੇ ਅਕਾਦਮਿਕ ਕਲੰਡਰ ਦੀਆਂ ਮਿਤੀਆਂ ਵਿੱਚ ਕਾਲਜ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਲੋੜ ਅਨੁਸਾਰ ਤਬਦੀਲੀ ਕੀਤੀ ਜਾ ਸਕਦੀ ਹੈ, ਜਿਸ ਸਬੰਧੀ ਸੂਚਨਾ ਕਾਲਜ ਦੇ ਨੋਟਿਸ ਬੋਰਡ ਅਤੇ ਕਾਲਜ ਵੈੱਬਸਾਈਟ ਤੇ ਅਪਡੇਟ ਕੀਤੀ ਜਾਵੇਗੀ।**

# ਦਾਖ਼ਲਾ ਕਮੇਟੀਆਂ 2025-26

## ਦਾਖਲਾ ਕਮੇਟੀਆਂ 2025-26

ਪ੍ਰਿੰਸੀਪਲ ਗਿਤਾਂਜਲੀ ਕਾਲੜਾ
ਨੋਡਲ ਅਫ਼ਸਰ : ਪ੍ਰੋ. ਆਮੀ ਭੱਲਾ

**ਬੀ ਏ ਸਮੈਸਟਰ ਪਹਿਲਾ**

ਪ੍ਰੋ. ਅਵਤਾਰ ਸਿੰਘ (ਕਨਵੀਨਰ) ਪ੍ਰੋ. ਪ੍ਰਗਤੀ ਪੰਵਾਰ (ਕੋ-ਕਨਵੀਨਰ) ਡਾ. ਹਰਵਿੰਦਰ ਕੌਰ
ਡਾ ਗੁਰਪ੍ਰੀਤ ਕੌਰ ਡਾ. ਸੁਮਿਤਾ ਕਟੋਚ ਪ੍ਰੋ. ਸੁਨੀਲ ਕੁਮਾਰ
ਪ੍ਰੋ. ਨਿਧੀ ਗੁਪਤਾ (ਸਕਾਲਰਸ਼ਿਪ) ਪ੍ਰੋ. ਬਲਜਿੰਦਰ ਸਿੰਘ(ਸਕਾਲਰਸ਼ਿਪ)
ਸ਼੍ਰੀ ਜੋਗਿੰਦਰ ਸਿੰਘ- ਸੀਨੀ.ਐੱਲ. ਏ. ਸ਼੍ਰੀ ਜਗਮੋਹਨ ਸਿੰਘ-ਐਸ.ਐਲ.ਏ.

**ਬੀ ਏ ਸਮੈਸਟਰ ਤੀਜਾ**

ਪ੍ਰੋ. ਨਵਜੋਤ ਕੌਰ (ਕਨਵੀਨਰ) ਪ੍ਰੋ. ਸ਼ਕੁੰਤਲਾ ਪ੍ਰੋ. ਕਿਰਨਪ੍ਰੀਤ ਕੌਰ
ਡਾ. ਗੁਰਮੀਤ ਸਿੰਘ (ਸਕਾਲਰਸ਼ਿਪ) ਪ੍ਰੋ. ਨਵੀਨ ਸ਼੍ਰੀ ਧਰਮ ਸਿੰਘ-ਐੱਲ.ਏ. (ਫਾਰਮ ਲੈਣਾ)

**ਬੀ ਏ ਸਮੈਸਟਰ ਪੰਜਵਾਂ**

ਪ੍ਰੋ. ਭਾਵਨਾ (ਕਨਵੀਨਰ) ਡਾ. ਨਿਰਮਲ ਸਿੰਘ ਪ੍ਰੋ. ਮੋਹਨੀਸ਼ ਆਰੀਆ
ਪ੍ਰੋ. ਮਨਪ੍ਰੀਤ ਕੌਰ (ਸਕਾਲਰਸ਼ਿਪ) ਸ਼੍ਰੀ ਜਸਪ੍ਰੀਤ ਸਿੰਘ -ਜੇ. ਐੱਲ. ਏ.
ਸ਼੍ਰੀ ਹਰਨਾਮ ਸਿੰਘ ਐਲ.ਏ. (ਫਾਰਮ ਲੈਣਾ)

**ਬੀ ਕਾਮ, ਬੀ.ਕਾਮ (HEIS) ਅਤੇ ਐਮ.ਕਾਮ ਸਮੈਸਟਰ ਪਹਿਲਾ, ਤੀਜਾ ਅਤੇ ਪੰਜਵਾਂ**

ਪ੍ਰੋ. ਮਨਜੋਤ ਸਿੰਘ (ਕਨਵੀਨਰ) ਡਾ. ਪ੍ਰਭਜੋਤ ਕੌਰ (ਕੋ-ਕਨਵੀਨਰ) ਪ੍ਰੋ. ਅਮਰਿੰਦਰ ਕੌਰ
ਡਾ. ਅਮਨਜੀਤ ਕੌਰ ਪ੍ਰੋ. ਸੁਸ਼ਮਾ (ਸਕਾਲਰਸ਼ਿਪ) ਸ਼੍ਰੀ ਪ੍ਰਵੀਨ ਕੁਮਾਰ ਐੱਲ.ਏ (ਫਾਰਮ ਲੈਣਾ)

**ਬੀ.ਐਸ.ਸੀ., ਬੀ.ਸੀ.ਏ., ਬੀ.ਬੀ.ਏ. ਅਤੇ ਬੀ.ਏ (ਅਸਥੈਟਿਕਸ ਐਂਡ ਬਿਊਟੀ ਥੈਰੇਪੀ)**
**ਸਮੈਸਟਰ ਪਹਿਲਾ, ਤੀਜਾ ਅਤੇ ਪੰਜਵਾਂ**

ਪ੍ਰੋ. ਅੰਸ਼ੁਲ ਭਾਟੀਆ (ਕਨਵੀਨਰ) ਪ੍ਰੋ. ਮੋਹਨੀਸ਼ ਆਰੀਆ ਪ੍ਰੋ. ਸ਼ਵੇਤਾ ਖਰਬੰਦਾ
ਪ੍ਰੋ. ਰਵਿੰਦਰ ਜੀਤ ਪ੍ਰੋ. ਜੈਤਿਕਾ ਸ਼੍ਰੀ ਅਭੈ ਸਾਗਰ- ਜੇ.ਐਲ.ਏ
ਸ਼੍ਰੀਮਤੀ ਡੇਜਿੰਦਰ ਕੌਰ(ਸਕਾਲਰਸ਼ਿਪ) ਸ਼੍ਰੀ ਸਿਕੰਦਰ ਪੁਰੀ (ਐਲ.ਏ.)

**ਫੀਸ ਕਮੇਟੀ**

ਪ੍ਰੋ. ਆਮੀ ਭੱਲਾ ਪ੍ਰੋ. ਸਵਿਤਾ ਗੁਪਤਾ ਸ਼੍ਰੀ ਸੂਬੇ ਸਿੰਘ-ਕਲਰਕ

**ਸਕਾਲਰਸ਼ਿਪ ਕਮੇਟੀ**

ਡਾ. ਨਵਦੀਪ ਕਹੋਲ (ਕਨਵੀਨਰ) ਪ੍ਰੋ. ਨੈਨਸੀ ਪ੍ਰੋ. ਮਨਪ੍ਰੀਤ ਕੌਰ
ਪ੍ਰੋ. ਬਲਜਿੰਦਰ ਸਿੰਘ ਪ੍ਰੋ. ਸੁਸ਼ਮਾ ਡਾ. ਗੁਰਮੀਤ ਸਿੰਘ

ਪ੍ਰੋ. ਕਨੂੰ ਗਰਗ ਪ੍ਰੋ. ਨਿਧੀ ਗੁਪਤਾ ਪ੍ਰੋ. ਅਮਰਿੰਦਰ ਕੌਰ
ਸ਼੍ਰੀਮਤੀ ਡੇਜਿੰਦਰ ਕੌਰ – ਜੇ.ਐੱਲ. ਏ.

**ਹੈਲਪ ਡੈਸਕ ਕਮੇਟੀ**

ਪ੍ਰੋ. ਰਵਿੰਦਰ ਸਿੰਘ ਡਾ. ਸੁਮਿਤਾ ਕਟੋਚ ਪ੍ਰੋ. ਬੋਮਿੰਦਰ ਕੌਰ
ਡਾ. ਅਮਨਜੀਤ ਕੌਰ ਪ੍ਰੋ. ਜੈਤਿਕਾ
(ਇਹ ਕਮੇਟੀ ਮੈਂਬਰ ਕਾਲਜ ਵਿਖੇ ਡਿਸੀਪਲਨ ਦਾ ਵੀ ਪੂਰਾ ਧਿਆਨ ਰੱਖਣਗੇ)

**ਨੋਟ:** ਦਾਖਲਾ ਕਮੇਟੀਆਂ ਦੇ ਕਨਵੀਨਰ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੀ ਰਿਪੋਰਟ ਹਰ ਰੋਜ਼ ਨੋਡਲ ਅਫਸਰ ਪ੍ਰੋ. ਆਮੀ ਭੱਲਾ ਨੂੰ ਦੇਣਾ ਯਕੀਨੀ ਬਨਾਉਣਗੇ।

# ਦਾਖਲਿਆਂ ਦਾ ਸ਼ਡਿਊਲ

### 1) ਅੰਡਰ-ਗ੍ਰੈਜੂਏਟ ਕੋਰਸਾਂ (U.G) ਦੇ ਐਂਟਰੀ ਪੁਆਇੰਟ ਦਾਖਲੇ ਲਈ ਲੇਟ ਦਾਖਲਾ ਫੀਸ ਦਾ ਸ਼ਡਿਊਲ

| | | |
|---|---|---|
| 1 | 01.8.2025 ਤੋਂ 11.8.2025 | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ |
| 2 | 12.8.2025 ਤੋਂ 18.8.2025 | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ |
| 3 | 19.8.2025 ਤੋਂ 25.8.2025 | 1500/- ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |
| 4 | 26.8.2025 ਤੋਂ 15.9.2025 | 2000/- ਰੁ: ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |

### 2) ਪੋਸਟ-ਗ੍ਰੈਜੂਏਟ ਕੋਰਸਾਂ (P.G) ਦੇ ਐਂਟਰੀ ਪੁਆਇੰਟ ਦਾਖਲੇ ਲਈ ਲੇਟ ਦਾਖਲਾ ਫੀਸ ਦਾ ਸ਼ਡਿਊਲ

| | | |
|---|---|---|
| 1 | 11.8.2025 ਤੋਂ 25.8.2025 | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ |
| 2 | 26.8.2025 ਤੋਂ 01.9.2025 | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ |
| 3 | 02.9.2025 ਤੋਂ 08.9.2025 | 1500/- ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |
| 4 | 09.9.2025 ਤੋਂ 23.9.2025 | 2000/- ਰੁ: ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |

## 3) ਚਲਦੇ ਕੋਰਸਾਂ ਲਈ ਦਾਖਲਿਆਂ ਦਾ ਸ਼ਡਿਊਲ

| | | |
|---|---|---|
| 1 | ਬਿਨਾਂ ਲੇਟ ਫੀਸ ਦਾਖਲਾ | (i) ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 12 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ |
| 2 | 500/-ਰੁਪਏ ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | (ii) ਉਪਰੋਕਤ (i) ਤੋਂ ਅਗਲੇ 05 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ |
| 3 | 1000/-ਰੁਪਏ ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | (iii) ਉਪਰੋਕਤ (ii) ਤੋਂ ਅਗਲੇ 05 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ |
| 4 | 2000/-ਰੁਪਏ ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | (iv) ਉਪਰੋਕਤ (iii) ਤੋਂ ਅਗਲੇ 05 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ |

ਨੋਟ : ਇਹ ਦਾਖ਼ਲਾ ਸ਼ਡਿਊਲ ਸੰਬੰਧਤ ਕੋਰਸਾਂ ਵਿੱਚ ਸੀਟ ਖ਼ਾਲੀ ਹੋਣ ਤਕ ਹੀ ਲਾਗੂ ਹੋਵੇਗਾ। ਸਪਸ਼ਟ ਹੈ ਕਿ ਪੰਜਾਬ ਸਰਕਾਰ/ਉਚੇਰੀ ਸਿੱਖਿਆ ਵਿਭਾਗ/ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਦਾਖਲਿਆਂ ਸਬੰਧੀ ਸਮੇਂ-ਸਮੇਂ ਤੇ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਉਪਰੋਕਤ ਸ਼ਡਿਊਲ 'ਤੇ ਲਾਗੂ ਹੋਣਗੀਆਂ।

## ਬੇਦਾਅਵਾ

*ਪ੍ਰਾਸਪੈਕਟਸ ਵਿੱਚ ਛਪੀ ਹਰ ਪ੍ਰਕਾਰ ਦੀ ਸੂਚਨਾ ਭਾਵੇਂ ਸਹੀ ਅਤੇ ਤੱਥ ਅਧਾਰਿਤ ਹੈ ਫਿਰ ਵੀ ਕਾਲਜ ਪ੍ਰਸ਼ਾਸਨ ਪ੍ਰਾਸਪੈਕਟਸ ਦੀ ਛਪਾਈ ਵਿੱਚ ਕਿਸੇ ਪ੍ਰਕਾਰ ਦੀ ਸੂਚਨਾ/ਉਣਤਾਈ ਲਈ ਕਾਨੂੰਨੀ ਤੌਰ ਤੇ ਜਿੰਮੇਵਾਰ ਨਹੀਂ ਹੋਵੇਗਾ। ਇਸ ਸੈਸ਼ਨ ਦੌਰਾਨ ਲੋੜ ਪੈਣ ਤੇ ਬਿਨ੍ਹਾਂ ਅਗਾਊ ਸੂਚਨਾ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ ਅਤੇ ਹੋਰ ਕੋਈ ਸਮੱਰਥ ਅਧਿਕਾਰੀ ਜਾਂ ਸੰਸਥਾ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਛਾਪੀ ਸੂਚਨਾ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ। ਇਸ ਪ੍ਰਾਸਪੈਕਟਸ ਦੇ ਨਿਯਮ ਅਤੇ ਸ਼ਰਤਾਂ ਵਿੱਚ ਸਰਕਾਰ ਦੇ ਨਵੇਂ ਆਦੇਸ਼ਾਂ ਜਾਂ ਯੂਨੀਵਰਸਿਟੀ ਦੀਆਂ ਨਵੀਆਂ ਹਦਾਇਤਾਂ ਦੇ ਅਨੁਸਾਰ ਜਾਂ ਲੋੜ ਪੈਣ ਤੇ ਪ੍ਰਿੰਸੀਪਲ ਵੱਲੋਂ ਤਬਦੀਲੀ ਕੀਤੀ ਜਾ ਸਕਦੀ ਹੈ ਜਿਸ ਦੀ ਸੂਚਨਾ ਸਮੇਂ ਸਮੇਂ ਤੇ ਨੋਟਿਸ ਬੋਰਡ ਰਾਹੀਂ ਦੇ ਦਿੱਤੀ ਜਾਵੇਗੀ*



ਕਾਲਜ ਵਿਖੇ ਲਗਾਏ ਗਏ ਸੱਤ ਰੋਜ਼ਾ ਐੱਨ. ਐੱਸ. ਐੱਸ. ਕੈਂਪ ਵਿਚ ਭਾਗ ਲੈਣ ਵਾਲ਼ੇ ਵਿਦਿਆਰਥੀਆਂ ਨਾਲ਼ ਕਾਲਜ ਸਟਾਫ਼।



ਕਾਲਜ ਦੀ 44ਵੀਂ ਸਲਾਨਾ ਅਥਲੈਟਿਕ ਮੀਟ ਦੌਰਾਨ ਮੁੱਖ ਮਹਿਮਾਨ ਐੱਸ.ਸੀ.ਐੱਲ. ਲਾਈਫ ਸਾਇੰਸ ਲਿਮਟਿਡ ਦੇ ਚੇਅਰਮੈਨ ਕਮ-ਮੈਨੇਜ਼ਿੰਗ ਡਾਇਰੈਕਟ ਸ੍ਰੀ ਪ੍ਰਵੀਨ ਕੁਮਾਰ ਦੀ ਜੇਤੂ ਖਿਡਾਰੀਆਂ ਨਾਲ਼ ਯਾਦਗਾਰੀ ਤਸਵੀਰ।



ਅੰਤਰ-ਕਾਲਜੀ ਮੁਕਾਬਲਿਆਂ ਵਿਚ 'ਓਵਰਆਲ ਟਰਾਫ਼ੀ' ਜਿੱਤਣ ਵਾਲੇ ਵਿਦਿਆਰਥੀਆਂ ਨਾਲ਼ ਪ੍ਰਿੰਸੀਪਲ ਗਿਤਾਂਜਲੀ ਕਾਲੜਾ ਜੀ ਅਤੇ ਪ੍ਰੋਫ਼ੈਸਰ ਸਾਹਿਬਾਨ।



ਕਾਲਜ ਵਿਖੇ ਮਨਾਏ ਗਏ 'ਵਿਸ਼ਵ ਧਰਤੀ ਦਿਵਸ' ਦੌਰਾਨ ਪ੍ਰਿੰਸੀਪਲ ਗਿਤਾਂਜਲੀ ਕਾਲੜਾ ਜੀ, ਪ੍ਰੋਫ਼ੈਸਰ ਸਾਹਿਬਾਨ ਅਤੇ ਵਿਦਿਆਰਥੀਆਂ ਦੀ ਯਾਦਗਾਰੀ ਤਸਵੀਰ।




ਸਰਕਾਰੀ ਅਜ਼ਾਇਬ ਘਰ, ਚੰਡੀਗੜ੍ਹ ਅਤੇ ਪੰਜਾਬ ਯੂਨੀਵਰਸਿਟੀ ਦੇ ਅਜ਼ਾਇਬ ਘਰ ਅਤੇ ਕਲਾ ਗੈਲਰੀ ਦੇ ਦੌਰੇ ਦੌਰਾਨ ਕਾਲਜ ਦੇ ਫਾਈਨ ਆਰਟਸ ਵਿਸ਼ੇ ਦੇ ਵਿਦਿਆਰਥੀ ਅਤੇ ਪ੍ਰੋਫ਼ੈਸਰ ਸਾਹਿਬਾਨ।




'ਸੌਰਵ ਕੈਮੀਕਲ ਲਿਮਟਡ' ਡੇਰਾ ਬੱਸੀ ਵਿਖੇ ਕੰਪਨੀ ਦੇ ਸਥਾਪਨਾ ਦਿਵਸ ਮੌਕੇ ਨਾਟਕ 'ਮਿਲ ਗਈ ਆਜ਼ਾਦੀ ?' ਦੀ ਪੇਸ਼ਕਾਰੀ ਦਿੰਦੇ ਕਾਲਜ ਦੇ ਵਿਦਿਆਰਥੀ।



ਕਾਲਜ ਵਿਖੇ ਕਰਵਾਏ ਗਏ 'ਪ੍ਰਤਿਭਾ ਖੋਜ ਮੁਕਾਬਲੇ' ਵਿਚ ਪੇਸ਼ਕਾਰੀਆਂ ਦੇਣ ਵਾਲ਼ੇ ਵਿਦਿਆਰਥੀਆਂ ਨਾਲ਼ ਪ੍ਰਿੰਸੀਪਲ ਅਤੇ ਕਾਲਜ ਸਟਾਫ਼।



ਕਾਲਜ ਵਿਖੇ ਮਨਾਏ ਗਏ ਤੀਜ ਦੇ ਤਿਉਹਾਰ ਦੌਰਾਨ ਪ੍ਰਿੰਸੀਪਲ, ਪ੍ਰੋਫ਼ੈਸਰ ਸਾਹਿਬਾਨ ਅਤੇ ਵਿਦਿਆਰਥੀਆਂ ਦੀ ਯਾਦਗਾਰੀ ਤਸਵੀਰ।
















# ਸਰਕਾਰੀ ਕਾਲਜ, ਡੇਰਾ ਬੱਸੀ

## (ਸਾਹਿਬਜ਼ਾਦਾ ਅਜੀਤ ਸਿੰਘ ਨਗਰ)

(An accredited Institution with B++ Grade by NAAC)

**Ph. : 01762-292287, Email : gcderabassi@gmail.com**
**Website : www.gcderabassi.ac.in**